ਵਤਨੋਂ ਦੂਰ

ਮਈ- ਜੂਨ 1979


**WATNO DUR**
**MAY/JUNE 1979 -60 ¢**
**P.O.Box 67681 Stn.'O'**
**Vancouver, B.C. V5W 3V2**


# ਔਰਤ ਅੰਕ



# ISLAND
## INSURANCE AGENCY LTD.

### COMPLETE INSURANCE SERVICE SINCE 1917

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਹਾਇਕ:-



**FIELD MANAGER MALKIAT SINGH ATHWAL**

*Representing major companies both General & Life.*

ਮਲਕੀਅਤ ਸਿੰਘ ਅਟਵਾਲ

Agent of the Year
**MAPLE LEAF WINNER 1978**

* Need Life Insurance
* Accident and Sickness Policy
* Business
* Commercial: Big or Small
  I Can Handle All
* Homeowner
* R.R.S.P.
* Travel Insurance
* And All Other Kinds of Insurance Needs

*Please contact:*

**MALKIAT SINGH ATHWAL**

**PHONE :-OFFICE :- 278-2515 RES. 271-1490**

## ISLAND INSURANCE AGENCY LTD.
## 6700 NO. 3 ROAD RICHMOND, B.C.

# WATNO DUR

P.O. Box 67681
Postal Stn. 'O'
Vancouver, B.C.
V5W 3V2

Vol. 7, No. 70 and 71 — MAY/JUNE '79

2nd Class Mail Reg. No. 3233

ANNUAL SUBSCRIPTION: Canada-U.S.A. $ 7.00; Other Countries SEA $ 7.00; AIR $10.00



EDITORIAL BOARD:
Surinder Dhanjal, 256-0436 (Windsor)
Ajmer Rodey, 438-7793
Amarjit Chahal, 892-3085

MANAGING EDITORS:
Raghbir Mand, 325-9564
Paul Binning, 879-3339

EDITOR:
Sadhu, 437-9014

ADVERTISING EDITOR:
Karamjit Ghuman, 321-6081

CIRCULATION EDITOR:
Sarwan Boal, 437-0849

WATNO DUR REPRESENTATIVES:
Iqbal Ramuwalia, Toronto (741-7538)
Latt Bhinder, Edmonton (436-8279)
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)

SPECIAL REPRESENTATIVES:
Surinder Kailey (Ludhiana, India)
Jasbir Bath (Liverpool, U.K.)

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।


## ਇਸ ਅੰਕ ਵਿਚ:—


**ਕਵਿਤਾ:—**
ਕੇਸਰ ਸਿੰਘ, ਪ੍ਰੋ: ਹਜ਼ਾਰਾ ਸਿੰਘ, ਹਰਜੀਤ ਦੌਧਰੀਆ, ਕੁਲਵੰਤ ਨੀਲੋਂ, ਤਾਰਕ ਭਾਰਤੀ, ਮਹਿੰਦਰ ਸਾਥੀ, ਪ੍ਰੋ: ਮੋਹਨ ਸਿੰਘ, ਧਾਦਾ ਬਲਵੰਤ

**ਕਹਾਣੀ:—**
ਜੁਆਲ ਭੂਲੇਠੋ, ਦਾਰਾ ਸੀਘਾ, ਸਮਸ਼ੇਰ ਭੱਟੀ, ਸੁਰਿੰਦਰ ਕੈਲੇ, ਮਨਜੀਤ ਗਿੱਲ

**ਲੇਖ:—**
ਬੀ. ਸੀ. ਦੇ ਖੇਤ ਮਜ਼ਦੂਰ-ਸਾਧੂ
ਜਾਤ-ਪਾਤੀ ਪ੍ਰਬੰਧ ਕੇਵਲ ਇਕ ਵਿਚ- — ਰਣਜੀਤ ਸਿੰਘ
ਵਿਸ਼ਵ ਪੰਜਾਬੀ ਸੰਮੇਲਨ ਜ਼ਰੂਰੀ ਕਿਉਂ? — ਰਣਜੀਤ ਧੀਰ

**ਗੁਫਤਗੂ:—** ਲੁਧਿਆਣੇ ਦੇ ਮਜ਼ਦੂਰਾਂ ਨਾਲ

**ਰੀਪੋਰਟ:—** ਸੁਖਵੰਤ ਹੁੰਦਲ, ਸਾਧੂ -ਦਰਪਣ

**ਪ੍ਰਸਤੁਤ ਕਰਤਾ:—** ਸੁਰਿੰਦਰ ਕੈਲੇ, ਅਮਰਜੀਤ ਸ਼ਾਹੀ

# ਐਡੀਟੋਰੀਅਲ

ਕੁੱਝ ਦਿਨ ਹੋਏ ਪ੍ਰਗਤੀਸ਼ੀਲ ਲਿਖਾਰੀ ਸਭਾ ( ਗ੍ਰੇਟ ਬ੍ਰਿਟਿਨ ) ਦੀ ਸਾਊਥਾਲ ਬਰਾਂਚ ਵਲੋਂ ਇਕ ਸੂਚਨਾ ਪੱਤਰ ਆਇਆ ਹੈ ( ਦੇਖੋ ਸਫਾ 27 ) ਇਹ ਜਾਣ ਕੇ ਬੜੀ ਖੁਸ਼ੀ ਤੇ ਮਾਣ ਮਹਿਸੂਸ ਹੋਇਆ ਕਿ ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਉੱਚਾ ਚੁੱਕਣ ਲਈ ਬਾਹਰ ਵੱਸਦੇ ਪੰਜਾਬੀ ਆਪਣਾ ਪੂਰਾ ਹਿੱਸਾ ਪਾ ਰਹੇ ਹਨ। ਉਹਨਾਂ ਦੀਆਂ ਕੋਸ਼ਿਸ਼ਾਂ ਦਾ ਅਸੀਂ ਦਿਲੋਂ ਦਿਲ ਨਾਲ ਸਵਾਗਤ ਕਰਦੇ ਹਾਂ। ਸਾਨੂੰ ਇਸ ਗੱਲ ਦਾ ਪੂਰਾ ਵਿਸ਼ਵਾਸ ਹੈ ਕਿ ਸਾਊਥਾਲ ਬਰਾਂਚ ਨੇ 'ਵਿਸ਼ਵ ਪੰਜਾਬੀ ਸੰਮੇਲਨ' ਵਰਗੇ ਕੰਮ ਨੂੰ ਹੱਥ ਪਾਉਣ ਤੋਂ ਪਹਿਲਾਂ ਇਸ ਤੇ ਹਰ ਪੱਖ ਤੋਂ ਸੋਚ ਵਿਚਾਰ ਕੀਤੀ ਹੋਵੇਗੀ। ਉਹਨਾਂ ਦੇ ਇਸ ਫੈਸਲੇ ਦਾ ਸਤਿਕਾਰ ਕਰਦੇ ਹੋਏ ਅਸੀਂ ਆਪਣੇ ਕੁੱਝ ਸ਼ੰਕੇ ਉਹਨਾਂ ਨਾਲ ਤੇ ਆਪਣੇ ਪਾਠਕਾਂ ਨਾਲ ਸਾਂਝੇ ਕਰਨੇ ਚਾਹੁੰਦੇ ਹਾਂ।

ਪਹਿਲੀ ਗੱਲ ਧੀਰ ਹੋਰਾਂ ਦਾ ਇਹ ਸੁਝਾਅ ਬਿਲਕੁਲ ਦਰੁੱਸਤ ਹੈ ਕਿ ਅਜਿਹੀ ਵੱਡੀ ਪੱਧਰ ਦੇ ਕੰਮ ਸਰਕਾਰਾਂ ਹੀ ਕਰ ਸਕਦੀਆਂ ਹਨ। ਪਰ ਪੰਜਾਬ ਦੀਆਂ 'ਸਰਕਾਰਾਂ' ਤੋਂ ਅਜੇ ਇਹ ਆਸ ਰੱਖਣੀ ਠੀਕ ਨਹੀਂ। ਸਾਡੇ ਲੀਡਰਾਂ ਵਿਚੋਂ ਅਜੇ ਗੁਲਾਮੀ ਦਾ ਮਾਦਾ ਨਹੀਂ ਗਿਆ। ਗੁਲਾਮ ਸੋਚ ਵਾਲੇ ਮਨੁੱਖ ਕਦੀ ਵੀ ਆਪਣੇ ਬਾਰੇ, ਆਪਣੀ ਬੋਲੀ ਤੇ ਸਭਿਆਚਾਰ ਬਾਰੇ ਮਾਣ ਨਹੀਂ ਮਹਿਸੂਸ ਕਰ ਸਕਦੇ। ਆਪਣੇ ਮੁਕਾਬਲੇ ਉਹ ਦੂਜੀਆਂ ਬੋਲੀਆਂ ਅਤੇ ਸਭਿਆਚਾਰ ਨੂੰ ਉੱਚਾ ਗਿਣਦੇ ਹਨ। ਆਪਣੀ ਗੁਲਾਮ ਸੋਚ ਕਾਰਨ ਉਹ ਆਪਣੀ ਹਾਲਤ ਸੁਧਾਰਨ ਦੇ ਅਸਮਰਥ ਹੁੰਦੇ ਹਨ। ਅਜਿਹੇ ਸਮੇਂ ਗੈਰ ਸਰਕਾਰੀ ਜਥੇਬੰਦੀਆਂ ਦੇ ਮੋਢਿਆਂ ਤੇ ਕਾਫੀ ਜ਼ਿੰਮੇਵਾਰੀਆਂ ਹੁੰਦੀਆਂ ਹਨ। ਇਹ ਜਥੇਬੰਦੀਆਂ ਆਪਣੇ ਵਸੀਲਿਆਂ ਤੇ ਵਿੱਤ ਮੁਤਾਬਕ ਸਮਾਜਿਕ ਭਲਾਈ ਦੇ ਕੰਮ ਕਰਦੀਆਂ ਹਨ। ਲਗਦਾ ਹੈ ਸਾਊਥਾਲ ਦੇ ਲੇਖਕ ਵੀ ਇਸੇ ਜ਼ਿੰਮੇਵਾਰੀ ਦੇ ਅਹਿਸਾਸ ਕਰਕੇ ਇਸ ਵਿਤੋਂ-ਵੱਧ ਕੰਮ ਨੂੰ ਕਰਨ ਬਾਰੇ ਸੋਚ ਰਹੇ ਹਨ। ਹੁਣ ਸਵਾਲ ਉਠਦਾ ਹੈ ਕਿ ਕੀ ਇੰਗਲੈਂਡ ਦੀ ਲਿਖਾਰੀ ਸਭਾ ਦੀ ਇਕ ਬਰਾਂਚ ਨੂੰ ਏਡੇ ਕੰਮ ਨੂੰ ਹੱਥ ਪਾਉਣਾ ਚਾਹੀਦਾ ਹੈ? ਜੇ ਤਾਂ ਸਾਊਥਾਲ ਵਾਲਿਆਂ ਕੋਲ ਇੰਨੀ ਹਿੰਮਤ ਤੇ ਵਸੀਲੇ ਹਨ ਤਾਂ ਉਹ ਇਸ ਤੋਂ ਵੀ ਵੱਡੇ ਵੱਡੇ ਪ੍ਰੋਗਰਾਮ ਕਰਨ ਇਹ ਸਾਰੀਆਂ ਦੁਨੀਆਂ ਦੇ ਪੰਜਾਬੀਆਂ ਦੀ ਖੁਸ਼-ਕਿਸਮਤੀ ਹੋਵੇਗੀ। ਪਰ ਜੇ ਇਹ ਕੰਮ ਕਿਸੇ ਮਜਬੂਰੀ ਅਧੀਨ ਜਾਂ ਕਿਸੇ ਹੋਰ ਐਸੇ ਕਾਰਨਾਂ ਕਰਕੇ ਕੀਤਾ ਜਾ ਰਿਹਾ ਹੈ ਤਾਂ ਸ਼ਾਇਦ ਇਹ ਗੱਲ ਇੰਨੀ ਵਧੀਆ ਨਹੀਂ। ਪੰਜਾਬ ਵਿਚਲੀਆਂ ਜਥੇਬੰਦੀਆਂ ਦੀ ਮਜਬੂਰੀ ਸਮਝੀ ਜਾ ਸਕਦੀ ਹੈ ਪਰ ਇੰਗਲੈਂਡ ਦੀ ਲਿਖਾਰੀ ਸਭਾ ਦੀ ਇਹ ਕੀ ਮਜਬੂਰੀ ਹੈ ਕਿ ਉਹ ਕਿਸੇ ਚੀਫ ਮਨਿਸਟਰ ਨੂੰ ਉਦਘਾਟਨ ਜਾਂ ਪ੍ਰਧਾਨਗੀ ਲਈ ਸੱਦਣ ਲਗਿਆ ਖੁਦ ਆਪਣੀ ਜ਼ਿੰਮੇਵਾਰੀ ਨਹੀਂ ਨਿਭਾ ਰਿਹਾ। ਕੀ ਪੰਜਾਬੀ ਦੇ 'ਬਾਬਾ ਬੋਹੜ' ਸੰਤ ਸਿੰਘ ਸੇਖੋਂ ਹੋਰਾਂ ਕੋਲੋਂ ਇਹ ਕੰਮ ਨਹੀਂ ਹੋ ਸਕੇਗਾ?

ਦੂਜੀ ਗੱਲ ਭਾਰਤ ਵਿਚਲੇ ਤੇ ਬਾਹਰ ਵਸਦੇ ਪੰਜਾਬੀ ਲੇਖਕਾਂ ਦੇ ਆਪਸੀ ਸੰਬੰਧਾਂ ਬਾਰੇ ਹੈ। ਸਾਨੂੰ ਇਹ ਗੱਲ ਹਰ ਪੱਖੋਂ ਵਿਚਾਰਨੀ ਪਵੇਗੀ ਕਿ ਇਹ ਸੰਮੇਲਨ ਉਹਨਾਂ ਸੰਬੰਧਾਂ ਤੇ ਕਿਹੋ ਜਿਹਾ ਅਸਰ ਪਾਵੇਗਾ। ਹੁਣ ਤੱਕ ਹਾਲਾਤ ਇਹ ਹਨ ਕਿ ਭਾਰਤ ਵਿਚਲੇ ਲੇਖਕਾਂ ਨੂੰ ਇਸ ਗੱਲ ਦਾ ਗਿਲਾ ਹੈ ਕਿ ਬਾਹਰ ਵਸਦੇ ਲੇਖਕ ਪੌਂਡਾਂ ਤੇ ਡਾਲਰਾਂ ਦੇ ਜ਼ੋਰ ਆਪਣੀਆਂ ਘਟੀਆ ਰਚਨਾਵਾਂ ਵੀ ਉਹਨਾਂ ਤੋਂ ਪਹਿਲਾਂ ਛਪਵਾ ਜਾਂਦੇ ਹਨ। ਇਸ ਕਿਸਮ ਦੇ ਹੋਰ ਵੀ ਕਈ ਗਿਲੇ ਹਨ ਉਹਨਾਂ ਦੇ। ਬਾਹਰ ਮਜ਼ਦੂਰੀ ਦੀ ਕੀਮਤ ਵੱਧ ਮਿਲਣ ਕਰਕੇ ਇਹ ਇਕ ਅਜੀਬ ਸਮੱਸਿਆ ਪੈਦਾ ਹੋ ਗਈ ਹੈ। ਹਕੀਕਤ ਇਹ ਹੈ ਕਿ ਬਾਹਰ ਵਸਦੇ ਬਹੁਤੇ ਲੇਖਕ ਮਿਲਾਂ, ਫੈਕਟਰੀਆਂ ਤੇ ਸੜਕਾਂ ਤੇ ਜਿਸਮਾਨੀ ਤੌਰ ਤੇ ਸਖਤ ਮਜ਼ਦੂਰੀ ਕਰਦੇ ਹਨ ਤੇ ਭਾਰਤ ਵਿਚਲੇ ਬਹੁਤੇ ਲੇਖਕ ਸੌਖੇ ਕਿੱਤਿਆਂ ਤੇ ਲੱਗੇ ਹੋਏ ਹਨ। ਬਾਹਰ ਵੱਸਦੇ ਲੇਖਕਾਂ ਦੀ ਬਹੁਤ ਘੱਟ ਗਿਣਤੀ ਆਪਣੇ ਆਲੇ ਦੁਆਲੇ ਦੇ ਮੁਕਾਬਲੇ ਅਮੀਰ ਹੈ। ਪਰ ਭਾਰਤੀ ਲੇਖਕਾਂ ਦੀਆਂ ਨਜ਼ਰਾਂ ਵਿਚ ਉਹ ਅਮੀਰ ਜਮਾਤ ਦਾ ਹੀ ਹਿੱਸਾ ਹਨ। ਸਾਡਾ ਬਾਹਰ ਵੱਸਣ ਵਾਲਿਆਂ ਦਾ ਇਹ ਫਰਜ਼ ਹੈ ਕਿ ਉਹਨਾਂ ਦੇ ਸ਼ੰਕਿਆਂ ਨੂੰ ਦੂਰ ਕਰੀਏ। ਜੇ ਹੋ ਸਕੇ ਤਾਂ ਜਥੇਬੰਦਕ ਤਰੀਕੇ ਨਾਲ ਉਹਨਾਂ ਦੀ ਸਹਾਇਤਾ ਕਰੀਏ ਤੇ ਉਹਨਾਂ ਦਾ ਵਿਸ਼ਵਾਸ ਜਿੱਤੀਏ। ਕੀ 'ਵਿਸ਼ਵ ਪੰਜਾਬੀ ਸੰਮੇਲਨ' ਸਾਡੀ ਇਸ ਵਿਚ ਮਦਦ ਕਰ ਸਕਦਾ ਹੈ? ਸ਼ਾਇਦ। ਪਰ ਸਭਾ ਵਲੋਂ ਛਾਪੀ ਗਈ ਨਾਵਾਂ ਦੀ ਸੂਚੀ ਵੱਲ ਵੇਖਿਆਂ ਇਸ ਤੋਂ ਉਲਟ ਹੋ ਜਾਣ ਦਾ ਡਰ ਹੈ। ਕੁੱਝ ਇਕ ਨੂੰ ਵਿਸ਼ੇਸ਼ ਸੱਦਾ ਪੱਤਰ ਭੇਜਿਆ ਜਾ ਰਿਹਾ ਹੈ ਅਤੇ ਬਹੁਤ ਸਾਰਿਆਂ ਨੂੰ ਆਮ ਸੱਦਾ ਪੱਤਰ। ਜਿਨ੍ਹਾਂ ਨੂੰ ਵਿਸ਼ੇਸ਼ ਸੱਦਾ ਪੱਤਰ ਭੇਜਿਆ ਜਾ ਰਿਹਾ ਹੈ ਉਹਨਾਂ ਵਿਚੋਂ ਪੰਜਾਬ ਦੇ ਚੀਫ ਮਨਿਸਟਰ ਜਾਂ ਕਿਸੇ ਵੀ ਮਨਿਸਟਰ ਨੂੰ ਜਦੋਂ ਵੀ ਕੋਈ ਬਹਾਨਾ ਮਿਲੇ ਉਹ ਲੋਕਾਂ ਦੇ ਪੈਸੇ ਨਾਲ ਬਾਹਰ ਦੇ ਚੱਕਰ ਮਾਰਨ ਵਿਚ ਖੁਸ਼ੀ ਲੈਂਦੇ ਹਨ। ਜੇ ਬਾਦਲ ਸਾਹਿਬ ਹੋਣੀ ਤਾਂ ਜ਼ਰੂਰ ਇੰਗਲੈਂਡ ਪਹੁੰਚਣ। ਸੰਤ ਸਿੰਘ ਸੇਖੋਂ ਤੇ ਸੰਤ ਰਾਮ ਉਦਾਸੀ ਬਾਰੇ ਕਾਫੀ ਚਿਰ ਤੋਂ ਸੁਣ ਰਹੇ ਹਾਂ,


ਕਿ ਬਾਹਰੋਂ ਕੁੱਝ ਵਿਦੇਸ਼ੀ ਜਾਂ ਸਿਆਸਤਦਾਨ ਉਹਨਾਂ ਨੂੰ ਬਾਹਰਲਾ ਚੱਕਰ ਲਗਾਉਣ ਬਾਰੇ ਸੋਚ ਰਹੇ ਹਨ। ਤੇ ਫ਼ੈਜ਼ ਹੋਰੀਂ ਅਕਸਰ ਇੰਗਲੈਂਡ ਆਉਂਦੇ ਹੀ ਰਹਿੰਦੇ ਹਨ। ਪਰ ਸਾਡਾਂ ਦੀ ਕੀ ਕਿਸਮਤ ਇਹੋ ਜਿਹੇ ਕਿੰਨੇ ਕੁ ਬੰਦੇ ਹੋਣਗੇ ਜਿਹਨਾਂ ਕੋਲ ਪੈਸਾ ਤੇ ਵਿਹਲ ਹੋਵੇਗੀ ਇੰਗਲੈਂਡ ਆਉਣ ਵਾਸਤੇ? ਸਚ ਕਿ ਹਰ ਪੰਜਾਬੀ ਨੂੰ ਪੰਜਾਬੀ ਲੇਖਕਾਂ ਦੀਆਂ ਸਮੱਸਿਆਵਾਂ ਬਾਰੇ ਪੂਰਾ ਪਤਾ ਹੈ ਕਿ ਕਿਵੇਂ ਉਹਨਾਂ ਲਈ ਲਹੌਰੋਂ ਦਿੱਲੀ ਜਾਣਾ ਵੀ ਕਈ ਵਾਰੀ ਕਿਰਾਏ ਪੱਖੋਂ ਸੌਖਾ ਨਹੀਂ ਹੁੰਦਾ। ਇਸ ਗੱਲ ਦਾ ਡਰ ਹੈ ਕਿ ਕਿਤੇ ਭਾਰਤ ਵਿਚਲੇ ਲੇਖਕ ਇਸ ਕੋਸ਼ਿਸ਼ ਨੂੰ ਸਰੀਕਬਾਜ਼ੀ ਦਾ ਸਮਝ ਲੈਣ। ਇਹ ਗੱਲ ਧਿਆਨ 'ਚ ਰੱਖਣੀ ਪਵੇਗੀ।

ਇਥੇ ਇਹ ਗੱਲ ਸਾਫ਼ ਕਰ ਦੇਣੀ ਜ਼ਰੂਰੀ ਹੈ ਕਿ ਉਪਰੋਕਤ ਗੱਲਬਾਤ ਸਾਉਥਾਲ ਬਰਾਂਚ ਦੇ ਫੈਸਲੇ ਦੀ ਵਿਰੋਧਤਾ ਕਰਨ ਲਈ ਜਾਂ ਉਹਨਾਂ ਦੇ ਹੌਸਲਿਆਂ ਨੂੰ ਢਾਹ ਲਾਉਣ ਲਈ ਨਹੀਂ ਕੀਤੀ ਗਈ। ਸਗੋਂ ਇਸ ਵਿਚਾਰ ਨਾਲ ਕੀਤੀ ਗਈ ਹੈ ਕਿ ਇਹ ਕੋਸ਼ਿਸ਼ ਸਾਰੀ ਦੁਨੀਆਂ ਦੇ ਪੰਜਾਬੀਆਂ ਨੂੰ ਇਕ ਲੜੀ ਵਿਚ ਜੋੜਨ ਦੀ ਹੈ ਇਸ ਕਰਕੇ ਇਹ ਜ਼ਰੂਰੀ ਹੈ ਕਿ ਦੁਨੀਆਂ ਦੇ ਹਰ ਕੋਨੇ ਵਿਚ ਵਸਦੇ ਪੰਜਾਬੀ ਇਸ ਬਾਰੇ ਵਿਚਾਰ ਵਟਾਂਦਰਾ ਕਰ ਸਕਣ। ਜ਼ਰੂਰੀ ਨਹੀਂ ਕਿ ਸਾਡੇ ਵਿਚਾਰਾਂ ਨਾਲ ਹਰ ਕੋਈ ਸਹਿਮਤ ਹੋਵੇ ਇਸ ਲਈ ਅਸੀਂ ਆਪਣੇ ਪਾਠਕਾਂ ਨੂੰ ਅਪੀਲ ਕਰਾਂਗੇ ਕਿ ਉਹ ਇਸ ਬਾਰੇ ਆਪਣੇ ਸੁਝਾਅ ਲਿਖ ਭੇਜਣ।

ਕੁੱਝ ਇਕ ਸੁਝਾਅ ਸਾਉਥਾਲ ਬਰਾਂਚ ਨੂੰ ਦੇਣੇ ਚਾਹਾਂਗੇ ਤੇ ਉਹਨਾਂ ਦਾ ਪ੍ਰਤੀਕਰਮ ਵੀ ਜਾਨਣਾ ਚਾਹਾਂਗੇ। ਇਹ ਸੰਮੇਲਨ ਹੋਣਾ ਜ਼ਰੂਰ ਚਾਹੀਦਾ ਹੈ - ਵੱਡੇ ਪੱਧਰ ਤੇ ਹੋਣਾ ਚਾਹੀਦਾ ਹੈ - ਜੇ ਹੋ ਸਕੇ ਤਾਂ ਪੰਜਾਬ ਵਿਚ ਹੀ ਹੋਵੇ। ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦੀ ਇਹ ਜ਼ਿੰਮੇਵਾਰੀ ਹੈ। ਉਹਨਾਂ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਾਉ। ਜੇ ਉਹ ਕੁੱਝ ਨਹੀਂ ਕਰਦੇ ਤਾਂ ਤੁਸੀਂ ਆਪਣੀ ਵਿੱਤ ਮੁਤਾਬਿਕ ਇਸ ਕਿਸਮ ਦਾ ਸਮਾਗਮ ਕਰਾਉ। ਜਿੰਨਿਆਂ ਕੁ ਨੂੰ ਸੱਦ ਸਕਦੇ ਹੋ ਇੰਗਲੈਂਡ ਸੱਦੋ ਬਾਕੀਆਂ ਨੂੰ ਔਂਦੇ ਹੋਵੇ ਸੱਦੇ ਪੱਤਰ ਜ਼ਰੂਰ ਭੇਜੋ। ਸੰਮੇਲਨ ਦੀ ਪ੍ਰਧਾਨਗੀ ਜਾਂ ਉਦਘਾਟਨ ਲਈ ਸੇਖੋਂ ਹੋਰਾਂ ਤੋਂ ਵੱਧ ਯੋਗ ਕੋਈ ਪੰਜਾਬੀ ਨਹੀਂ ਹੋ ਸਕਦਾ। ਬਾਦਲ ਹੋਰਾਂ ਨੂੰ ਆਪਣੇ ਸ਼ਬਦ-ਕੀਰਤਨਾਂ ਦੇ ਪ੍ਰੋਗਰਾਮ ਜਥੇਬੰਦ ਕਰਨ ਦਿਉ! ਲੱਗਦਾ ਹੈ ਉਹਨਾਂ ਲਈ ਬੋਲੀ ਤੇ ਸਭਿਆਚਾਰ ਦੀ ਪਰਿਭਾਸ਼ਾ ਸ਼ਬਦ - ਕੀਰਤਨ ਦੇ ਪ੍ਰੋਗਰਾਮਾਂ ਤੱਕ ਹੀ ਸੀਮਤ ਹੈ।

—ਸਾਧੂ


ਉੱਤਰੀ ਅਮਰੀਕਾ ਮਹਾਂਦੀਪ ਵਿੱਚ ਪੰਜਾਬੀ ਦਾ ਇਕੋ ਇਕ ਸਾਹਿੱਤਕ-ਸੱਭਿਆਚਾਰਕ ਮਾਸਿਕ




ਖ਼ੁਦ ਸਾਲਾਨਾ ਪਾਠਕ ਬਣੋ ਤੇ ਹੋਰਾਂ ਨੂੰ ਪਰੇਰੋ। ਨਮੂਨੇ ਦੇ ਪਰਚੇ ਲਈ ਸਾਨੂੰ ਲਿਖੋ। ਸਾਲਾਨਾ ਚੰਦਾ ਸੱਤ ਡਾਲਰ ਤੇ ਛਿਮਾਹੀ ਚੰਦਾ ਚਾਰ ਡਾਲਰ ਹੈ।

THE WATNO DŪR

ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਜ਼ਿਪ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ
ਸਾਨੂੰ ਭੇਜੋ!

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ,
- ਮੈਂ ਸੱਤ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉੱਤਰੀ ਅਮਰੀਕਾ ਤੋਂ ਬਾਹਰ ਮੇਰੇ ਸਜਣੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:

# ਬਾਗੀ ਕਵੀ

**ਕੇਸਰ ਸਿੰਘ ਗਿਆਨੀ**

ਤੂੰ ਅਵਤਾਰ ਸੈਂ ਅਵਤਾਰ
ਭਵਿਖ ਬਾਣੀ ਤੂੰ ਕੀਤੀ
ਲੋਕਾਂ ਨੂੰ ਤੂੰ
ਮਹੱਲਾਂ ਦੀਆਂ ਕਿਰਦੀਆਂ ਇੱਟਾਂ
ਵੇਖਣ ਲਈ ਕੀਤਾ ਮਜਬੂਰ
ਲੋਕਾਂ ਨੂੰ ਤੂੰ
ਮਹੱਲਾਂ ਦੇ ਖੰਡਰਾਂ ਦੇ ਢੇਰਾਂ 'ਚੋਂ
ਇੱਟਾਂ ਵੱਟੇ, ਰੋੜੇ
ਚੁਣ ਚੁਣ
ਝੁਗੀਆਂ ਉਸਾਰਨ ਦੀ ਦਿਤੀ ਪ੍ਰੇਰਨਾ
ਛੰਨਾਂ ਤੇ ਢਾਰਿਆਂ ਦੇ ਕੱਖਾਂ ਵਿਚ
ਤੂੰ ਰੂਹ ਸੀ ਫੂਕੀ,
ਕੱਚਿਆਂ ਕੋਠਿਆਂ ਦੀਆਂ ਕੰਧਾਂ ਦੇ
ਲਿਓੜ ਤੂੰ ਨਾ ਡਿਗਣ ਦਿਤੇ
ਇਕ ਲਿਪਾਈ ਕੀਤੀ
ਫਿਰ ਕੀਤੀ ਇਕ ਹੋਰ
ਛੰਨਾਂ ਚੋਣੋਂ ਹਟੀਆਂ
ਢਾਰ ਮੂੰਹ ਚੁਕ ਖਲੋਤੇ
—ਫਿਰ ਤੂੰ ਦਿਤਾ ਢੰਡੋਰਾ—
'ਮੈਂ ਇਕ ਇਨਕਲਾਬੀ ਖੁਦਾ ਹਾਂ, ਖੁਦਾ ਹਾਂ।
ਮੈਂ ਹਰ ਗ਼ਦਰ ਦੇ ਭੁੜਕਦੇ ਦਿਲ ਦਾ ਚਾਅ ਹਾਂ।
ਮੈਂ ਨਚਦਾ ਹਾਂ ਪਰ ਆਪਣੇ ਤਾਲਾਂ ਤੇ ਹਰਦਮ
ਮੈਂ ਨਿਰਭੈ, ਮੈਂ ਬੇਖੌਫ਼, ਨਿਸਚਿਤ, ਬੇਗਮ
ਮੇਰਾ ਕੰਮ ਹਰ ਦਿਲ ਨੂੰ ਆਜ਼ਾਦ ਕਰਨਾ
ਤੇ ਹਰ ਆਸ ਦਾ ਬਾਗ਼ ਆਬਾਦ ਕਰਨਾ।'

—ਲੋਕਾਂ ਨੂੰ ਤੂੰ
ਲਖਾਂ ਆਸਾਂ ਬੰਨ੍ਹਾਈਆਂ
ਜ਼ੋਰ ਜ਼ੋਰ ਦੀ ਬਿਗਲ ਵਜਾਇਆ
ਢੋਲ ਢਮੱਕੇ ਕੁੱਟੇ
ਢਾਰਿਆਂ ਵਿਚੋਂ
ਛੰਨਾਂ ਵਿਚੋਂ
ਕਢ ਕੇ ਸਾਰੇ ਲੋਕ
ਤੂੰ ਜ਼ੋਰ ਜ਼ੋਰ ਦੀ ਲਲਕਾਰਿਆ
ਛਾਤੀ ਲਾਲੋ ਲਾਲ, ਖ਼ੂਨ ਭਰੀ
ਮੱਥੇ ਤੇਰੇ ਨੂਰ
ਤੂੰ ਦਿਤੀ ਇਕ ਆਜ਼ਾਨ—
—ਓ ਰਾਮ ਤੇ ਰਹੀਮ
ਸੁਣੋ ਮੇਰੀ ਭਾਈ ਗਲ
ਸੁਣੋ ਮੇਰੀ ਭਾਈ ਜਾਨ

ਫੁਟਪਾਥਾਂ ਉਤੇ ਅਸੀਂ ਹੁਣ ਬਹਿਣਾ ਨਹੀਂ
ਧੱਕਾ ਕਿਸੇ ਜ਼ੁਲਮੀ ਦਾ
ਅਸਾਂ ਸਹਿਣਾ ਨਹੀਂ—
'ਹੈ ਹੋਰ ਵੀ ਸਿਰਾਂ ਦੇ ਬੀਜਣ ਦੀ ਲੋੜ ਏਥੇ,
ਆਈ ਨਾ ਹਿੰਦ ਅੰਦਰ ਪੂਰਨ ਬਹਾਰ ਹਾਲੇ।'

—ਤੇਰੀ ਇਸ ਲਲਕਾਰ ਨੂੰ
ਸਰਕਾਰ ਸਹਿ ਨਾ ਸਕੀ,
(ਉਹ ਇਹ ਸੁਣਨ ਦੀ ਆਦੀ ਨਹੀਂ)
ਭੁਖਾਂ ਤੈਨੂੰ ਮਾਰਨ ਲਈ
ਵਰਤਿਆ ਉਸ
ਮਾਰੂ ਇਕ ਹਥਿਆਰ
ਤੇਰੇ ਢਿਡ ਦੀ ਭੁਖ ਨੇ
ਨਚਿਆ ਨੰਗਾ ਨਾਚ
ਤੂੰ ਫੁਟਿਆ
ਤੂੰ ਮਾਰੀ ਭਬਕ
ਤੇਰੇ ਥੈਲੇ ਵਿਚੋਂ
ਸ਼ੇਸ਼ਨਾਗ ਇਕ ਉੱਗਿਆ
ਇਕ ਹੋਰ ਫੁੰਕਾਰਾ ਵਜਾ—
'ਤੰਗ ਆਏ ਹੋਏ ਫੁਲ,
ਸਤਾਈਆਂ ਹੋਇਆਂ ਲਗਰਾਂ,
ਮਾਲੀ ਦੀ ਇਹ ਲਾਹ ਦੇਣਗੇ
ਦਸਤਾਰ ਕਿਸੇ ਦਿਨ।'

ਮਾਲੀ ਨੇ ਤੈਨੂੰ ਘੂਰਿਆ
ਤੇ ਭਉਂ ਭਉਂ ਕਰਕੇ ਭਉਂਕਿਆ
ਫੜ ਲਓ, ਫੜ ਲਓ, ਜਾਏ ਨਾ
ਚਕਰ ਹੋਰ ਚਲਾਏ ਨਾ
ਘੋਗਾ ਚਿਤ ਇਸ ਦਾ ਕਰੋ
ਬਾਗ਼ੀ ਹੈ ਇਹ
ਬਾਗ਼ੀ ਹੈ ਇਹ।

—ਤੂੰ ਇਕ ਫੁੱਲ ਗੁਲਾਬੀ
ਖ਼ੁਸ਼ਬੋ ਤੇਰੀ ਨੂੰ, ਖਿਲਰਨ ਤੋਂ ਰੋਕਣ ਲਈ
ਪਹਿਲੋਂ ਟਾਹਲੀ ਨਾਲੋਂ ਤੁਰੋੜਿਆ
ਫਿਰ ਦੋਹਾਂ ਫੌਲਾਦੀ ਹਥਾਂ ਵਿਚ ਲੈ ਕੇ
ਤੈਨੂੰ ਮਰੁੰਡਿਆ
ਤੇਰੀ ਪੱਤੀ ਪੱਤੀ ਕੀਤੀ
ਫਿਰ ਭੁਆਂ ਕੇ ਤੈਨੂੰ ਸੁੱਟਿਆ
ਵਿਚ ਚੁਰਾਹੇ
ਨਾ ਕੋਈ ਜਾਣੇ
ਨਾ ਪਛਾਣੇ
ਦੁਸ਼ਮਣ ਦਾ ਇਹ ਕਿਰਦਾਰ।
—ਕੋਲੋਂ ਲੰਘਿਆ ਯਾਰਾਂ ਦਾ ਇਕ ਯਾਰ—
ਆਓ ਲੋਕੋ !
ਵੇਖੋ ! ਸਾਡਾ ਤੁਰ ਗਿਆ ਇਕ ਯਾਰ
ਢਾਰੇ ਰੋਏ, ਰੋਈਆਂ ਝੁਗੀਆਂ
ਕੱਚੇ ਕੋਠੇ ਦਾ ਕਿਰਦਾ, ਡਿਗਦਾ
ਇਕ ਲਿਓੜ ਬੋਲਿਆ :
ਮੈਂ ਜਾਣਦਾਂ,
ਇਹ 'ਬਾਵਾ ਬਲਵੰਤ'
ਇਹ ਸਾਡਾ ਸੀ ਯਾਰ
ਇਹ ਸਾਡਾ ਸੀ ਯਾਰ।
ਸੁਣੋ ! ਯਾਰੋ ਸੁਣੋ !
ਬਾਵੇ ਦੇ ਚੁਪ-ਬੁਲ੍ਹਾਂ ਵਿਚੋਂ
ਨਿਕਲੀ ਇਕ ਪੁਕਾਰ—
'ਘੜੀ ਕੋਈ ਖਾਲੀ ਨਾ ਜਾਏ ਕਰਮ 'ਤੋਂ'
ਆਵਾਜ਼ ਆ ਰਹੀ ਏ ਕਿਸੇ ਦੀ ਹਵਾ 'ਚੋਂ
ਨਹੀਂ ਮੌਤ ਨੇ ਜਦ ਇਕ ਪਲ ਵੀ ਦੇਣਾ
ਤਾਂ ਇਕ ਪਲ ਵੀ ਅਪਣਾ ਹੈ ਕਿਉ ਮੌਤ
ਕਰਨਾ।' ○

(ਸ਼੍ਰੀ- ਥੀ.ਸ਼੍ਰੀ)

# ਮੈਂ ਇਨਸਾਨ ਹਾਂ

-ਪ੍ਰੋਫੈਸਰ ਹਜ਼ਾਰਾ ਸਿੰਘ

ਮੈਂ ਇਨਸਾਨ ਹਾਂ : ਉਹ ਨਹੀਂ ਜਿਹੜਾ ਘੜਿਆ ਗਿਆ ਜੰਨਤ 'ਚ
ਬਚੇ ਖੁਚੇ ਗਾਰੇ ਦੇ ਥੱਬੇ ਤੋਂ ਈਸ਼ਵਰ ਸਰਵ ਸ਼ਕਤੀਮਾਨ ਦੇ ਹੱਥੋਂ
ਮੈਂ ਇਨਸਾਨ ਹਾਂ :
ਉਹ ਨਹੀਂ ਜਿਹੜਾ ਕੱਢ ਦਿੱਤਾ ਗਿਆ ਜੰਨਤ 'ਚੋਂ,
ਸਜ਼ਾ ਦੇ ਤੌਰ ਤੇ, ਤੇ ਸੁੱਟ ਦਿੱਤਾ ਗਿਆ ਹੇਠਾਂ ਧਰਤੀ ਤੇ ।
ਜਦ ਉਹ ਜਰ ਨਾ ਸਕਿਆ ਆਪਣੀ ਸੁੰਦਰ ਸਾਥਣ ਦੇ ਤਰਲਿਆਂ ਨੂੰ,
ਤੇ ਹੱਥ ਵਧਾ ਬੈਠਾ ਗਿਆਨ ਦੇ ਬ੍ਰਿਛ ਤੋਂ ਫਲ ਤੋੜਨ ਲਈ ।

ਮੈਂ ਇਨਸਾਨ ਹਾਂ :
ਉਹ ਨਹੀਂ ਜਿਹੜਾ ਈਸ਼ਵਰ ਦੀ ਮਹਾਨ ਰਚਨਾ ਹੈ,
ਮੇਰਾ ਸਮੇਂ ਦੇ ਚੱਕਰ 'ਚ ਵਿਕਾਸ ਹੋਇਆ ਹੈ ਬਣਮਾਨਸ ਤੋਂ
ਮੈਂ ਇਨਸਾਨ ਹਾਂ, ਜਿਹੜਾ ਕਿ ਜੰਨਤ ਬਣਾਏਗਾ
ਇਸ ਧਰਤੀ ਤੇ ਜਿਹੜੀ ਕਿ ਬ੍ਰਹਿਮੰਡ ਦੀ ਕੇਂਦਰ ਨਹੀਂ,
ਬਲਕਿ ਇਕ ਬਿੰਦੂ ਜਿਹੀ ਹੈ ਗਗਨ ਦੀ ਅਥਾਹ ਤਸ਼ਤਰੀ ਦੇ ਕੰਢੇ ਤੇ
ਜਿਸ ਧਰਤੀ ਤੇ ਰਹਿਣਾ ਜਲਾਵਤਨੀ ਨਹੀਂ
ਬਲਕਿ ਇਕ ਆਨੰਦ ਭਰੀ ਉਮੰਗ ਹੈ ।

ਮੈਂ ਇਨਸਾਨ ਹਾਂ : ਜਿਸ ਲਈ ਗਿਆਨ ਵਰਜਿਤ ਨਹੀਂ
ਜਿਹੜਾ ਉਡਦਾ ਫਿਰਦਾ ਹੈ
ਪੁਲਾੜ ਵਿਚ ਇਸ ਦੇ ਉਫਕਾਂ ਨੂੰ ਖੋਜਣ ਲਈ
ਮੈਂ ਇਨਸਾਨ ਹਾਂ :
ਆਪਣੀ ਕਿਸਮਤ ਦਾ ਮਾਲਿਕ ਆਪਣੀ ਮੰਜ਼ਿਲ ਦਾ ਰਹਿਬਰ
ਜਿਸਦਾ ਅੰਤਿਮ ਨਿਸ਼ਾਨਾ ਜੰਨਤ 'ਚ ਪੁੱਜਣਾ ਨਹੀਂ,
ਜੰਨਤ ਉਸਾਰਨਾ ਹੈ
ਜਿਥੇ ਰਿਆਇਤਾਂ ਵੰਡੀਆਂ ਨਹੀਂ ਜਾਣਗੀਆਂ,
ਬਲਕਿ ਯੋਗਤਾ ਦੀ ਕਦਰ ਪਵੇਗੀ
ਜਿਥੇ ਮਨ ਭੈ ਤੋਂ ਰਹਿਤ ਤੇ ਸਿਰ ਸਵੈਮਾਨ ਨਾਲ ਉਚੇ ਰਹਿਣਗੇ ।

ਮੈਂ ਇਨਸਾਨ ਹਾਂ :
ਜਿਹੜਾ ਟੱਪਿਆ ਕੁੱਦਿਆ ਬਣਮਾਨਸ ਜਨਮ 'ਚ ਪਰਬਤਾਂ ਤੇ
ਖੁਸ਼ੀ ਭਰੇ ਟੋਲਿਆਂ 'ਚ ਬਗ਼ੈਰ ਉਚੇ ਨੀਵੇਂ ਦੇ ਮਤ ਭੇਦ ਤੋਂ
ਮੈਂ ਇਨਸਾਨ ਹਾਂ :
ਸਮਾਨਤਾ ਜਿਸਦਾ ਵਿਰਸਾ ਹੈ ਨਾ ਕਿ ਸਿਰਫ ਅਧਿਕਾਰ
ਸੁਤੰਤਰਤਾ ਜਿਸਦਾ ਜੀਵਨ ਮਾਰਗ ਹੈ
ਨਾ ਕਿ ਸਧਰਾਂ ਭਰਿਆ ਸੁਪਨਾ
ਕੁਦਰਤ ਜਿਸਦੀ ਸਾਂਝੀ ਮਲਕੀਅਤ ਸੀ
ਨਾ ਕੋਈ ਧਨਾਢ ਨਾ ਕੋਈ ਧਨਹੀਨ ਸੀ,
ਹੁਣ 'ਪੂੰਜੀ ਦੇ ਅਧਿਕਾਰ' ਨੇ ਖੋਹ ਲਈ ਹੈ
ਜਿਸਦੇ ਚਿਹਰੇ ਦੀ ਲਾਲੀ ।

ਮੈਂ ਇਨਸਾਨ ਹਾਂ :
ਉਹ ਨਹੀਂ ਜਿਹੜਾ ਗ਼ਰੀਬੀ ਨੂੰ ਰੱਬੀ ਦਾਤ ਗਿਣਦਾ ਹੈ
ਬਲਕਿ ਉਹ ਜਿਹੜਾ ਕਿ ਇਸ ਨੂੰ ਅਨ੍ਹਿਆਂ ਤੇ ਗਿਰਾਵਟ ਸਮਝਦਾ ਹੈ

ਮੈਂ ਇਨਸਾਨ ਹਾਂ :
ਜਿਹੜਾ ਗ਼ਰੀਬੀ ਨਾਲ ਸੰਤੁਸ਼ਟ ਰਹਿ ਨਹੀਂ ਸਕਦਾ
ਜਦ ਕਿ ਇਹ ਵਿਸ਼ਾਲ ਧਰਤੀ ਭਰਪੂਰ ਹੈ
ਕੁਦਰਤ ਦੀਆਂ ਦਾਤਾਂ ਦੇ ਨਾਲ
ਮੈਂ ਨਹੀਂ ਜਰਾਂਗਾ ਲੁੱਟ ਖਸੁੱਟ ਤੇ ਤਾਨਾਸ਼ਾਹੀ ਨੂੰ
ਮੇਰੀ ਕਿਰਤ ਤੇ ਅਕਲ ਉਸਾਰੇਗੀ ਇਸ ਧਰਤੀ ਤੇ ਸਵਰਗ
ਮੈਂ ਐਸਾ ਇਨਸਾਨ ਹਾਂ । ○○

# ਪਰੋਹਿਤ ਅਤੇ ਜਜਮਾਨ

□ ਹਰਜੀਤ ਦੌਧਰੀਆ

ਉਹ ਚਲਦੇ ਪੁਰਜ਼ੇ
ਜੀਭੀਂ ਮਿਠਤਾਂ, ਬਗਲੀਂ ਕੁੜੱਤਣਾਂ
ਲਾਭਾਂ ਦੇ ਲੋਭੀਏ, ਪਰੇਥਣ ਨਿੱਜ ਦੇ
ਹਦਾਇਤਨਾਮੇ ਨਵੇਂ ਕਾਰੂਆਂ ਦੇ ਹੋਕੇ ਦਿੰਦੇ—
'ਉਚੀਆਂ ਦੁਕਾਨਾਂ ਤੋਂ ਸੌਦੇ ਲਈ ਜਾਵੋ
ਫ਼ਿਕਿਆਂ ਪਕਵਾਨਾਂ ਦੇ ਵਾਧੂ ਮੁੱਲ 'ਤੇ ਜਿਰ੍ਹਾ ਨਾ ਕਰੋ'—
'ਮੈ, ਰੂਪਾਂ, ਹਿਰਸਾਂ ਦੇ ਵਰਨਨ, ਉਨ੍ਹਾਂ ਭਾਣੇ
ਸੇਜ ਝੂਟਿਆਂ ਦੀ ਹੈ ਕਲਿਆਣਕਾਰੀ ਕਾਵਿ ਸਿਰਜਣਾ—
ਹੱਥਾਂ 'ਤੇ ਦਗਦੇ ਕੋਲਿਆਂ, ਢੂਈਆਂ 'ਚ ਠੁਕੇ ਕਿੱਲਿਆਂ ਦੀਆਂ
ਦਰਦਨਾਕ ਕਹਾਣੀਆਂ
ਲੱਗਣ ਉਨ੍ਹਾਂ ਨੂੰ ਪਰਾਈਆਂ, ਅਕਲਾਂ ਸੋਚਾਂ ਉਧਾਰੀਆਂ—
ਆਤਮਾ—ਵਸਤੂਆਂ ਦੇ ਰਿਸ਼ਤਿਆਂ ਪਰਸੰਗਾਂ ਨਾਲੋਂ
ਹੈ ਉਨ੍ਹਾਂ ਦੀ ਗਤੀਸ਼ੀਲਤਾ, ਇੰਦਰੀਆਂ ਦੀਆਂ ਲੱਜ਼ਤਾਂ ਚੁਸਕੀਆਂ
ਉਹ ਪੁਰਾਤਨ ਵਾੜਾਂ ਟੱਪਣੋਂ ਤਾਂ ਮਨ੍ਹਾਂ ਕਰਦੇ ਨੇ
ਗਲੀਆਂ 'ਚ ਕੰਧਾਂ ਕੋਲੇ ਟੱਪਣ ਨੂੰ ਇਸ਼ਕ ਦਸਦੇ ਨੇ—
ਸ਼ਬਦਾਂ ਉੱਤੇ ਸ਼ਬਦ ਚੜ੍ਹੋਣੇ, ਵਾਕਾਂ ਨਾਲ ਵਾਕ ਮਲੋਣੇ
ਬਿੱਲਿਆਂ ਸਰ੍ਹਾਣੇ ਦੁਧ ਜਮੋਣਾ, ਜਿਨਸੀ ਸ਼ਹਿਵਤ ਨੂੰ ਭੜਕੋਣਾ
ਹੈ ਉਨ੍ਹਾਂ ਦੇ ਗੀਤਾਂ ਦਾ ਕਮਾਲ, ਸਾਜ਼ਾਂ ਦਾ ਨਵਾਂ ਤਾਲ—
ਪੁਛੋ ਉੱਤਰ ਤਾਂ ਮੂੰਹ ਬਣੋਣ ਪਛੋਂ ਵਾਂਗ
ਅੰਦਰੋਂ ਦਹਿਲਦੇ, ਬਾਹਰੋਂ ਤਹਿਕਦੇ ਪੁਰੇ ਦੀ ਵਾ ਤੋਂ—
ਅੱਖਾਂ ਝੁੰਬਲ ਠਿੱਬੀ ਮਾਰਨਾ ਹੈ
ਉਨ੍ਹਾਂ ਦੀ ਆਲੋਚਨਾ ਨਵੀਨ ਕਵਿਤਾ ਦੀ—
ਅੱਖਰਾਂ ਦੇ ਕਰੂੰਜੜੇ, ਹੱਥੀਂ ਲੋਟੇ, ਪੈਰੀਂ ਬਝੇਂਦੇ
ਬੇਹੀ ਤਰਕਾਰੀ 'ਤੇ ਤੇਲੀਆ ਪਾਣੀ ਤਰਕੋਂਦੇ—
ਸਿੱਧ ਗੋਸ਼ਟ ਦਨਦਨਾਂ ਦੇ ਗੋਸ਼ਟੀਆਂ 'ਤੇ ਔਂਦੇ
ਸੰਜੂ ਸੱਜਣ ਕੋਲ ਬਹੇਂਦੇ—
ਉਹ ਕੇਹੇ ਗੀਤਕਾਰ ਨੇ, ਕੇਹੇ ਸਾਜ਼ਗਾਰ ਨੇ !!
ਉਹ ਕੌਣ ਪਰੋਹਿਤ, ਕੌਣ ਜਜਮਾਨ ਨੇ !!!
ਸਾਕਾਰ ਰੂਪ 'ਚ ਦੇਖੀਆਂ ਜਾਂਦੀਆਂ, ਟੀਰੀਆਂ ਨੀਤਾਂ ਜਿਨ੍ਹਾਂ ਦੀਆਂ—

○ ○ ○

# ਗ਼ਜ਼ਲ

-ਕੁਲਵੰਤ ਨੀਲੋਂ

ਮੈਨੂੰ ਲਗਦੈ ਇਸ ਪਿੰਡ ਉਤੇ ਕੋਈ ਭਾਰ ਡਿਗਣ ਵਾਲੈ,
ਚੁੱਪ ਚੁਪੀਤਾ ਸੂਹਾਂ ਲੈਂਦਾ ਫਿਰਿਐ ਖੱਦਰ-ਧਾਰੀ, ਰਾਤ ।

ਜੁਟਿਆ ਹੋਇਆ ਸੀ ਜੱਗ ਸਾਰਾ ਆਪਣੀਆਂ ਕਬਰਾ ਪੁੱਟਣ ਵਿਚ,
ਸੁਪਨੇ ਵਿਚ ਕਿਧਰੇ ਨਹੀਂ ਵੇਖੀ ਧਰਤੀ 'ਤੇ ਬੇਕਾਰੀ ਰਾਤ ।

ਹੁਣ ਨੂੰਹ-ਧੀ ਦਾ ਸਮਾ ਨਹੀਂ ਏਂ, ਹੁਣ ਤੇ ਬੇੜਾ ਗਰਕ ਗਿਐ,
ਹੱਟੀਆਂ ਮੂਹਰੇ ਖੜਕੇ ਕਹਿੰਦੀ ਨਾਈਆ ਦੀ ਕਰਤਾਰੀ, ਰਾਤ ।

ਭਾਈ ਜੀ ਦੇ ਨਾਲ ਤਦੇ ਅਜ ਤੜਕੇ ਤੜਕੇ ਲੜਦਾ ਸੀ,
ਉਸਨੂੰ ਦੇ ਬੈਠਾ ਸੀ, ਸ਼ਾਇਦ, ਠੇਕੇਦਾਰ, ਉਧਾਰੀ, ਰਾਤ ।

ਨਾ ਉਹ ਭਾਅ, ਤੇ ਨਾ ਉਹ ਲਾਲੀ, ਨਾ ਉਹ ਤੇਜ, ਤੇ ਨਾ ਲਿਸ਼ਕੋਰ,
ਏਦਾਂ ਲਗਦੈ, ਜਿੱਦਾਂ ਸੂਰਜ ਕਰ ਬੈਠੈ ਬਦਕਾਰੀ, ਰਾਤ ।

ਖਾਲੀ, ਪੀਪਾ, ਟੁੱਟੀਆ ਦੰਦਾ, ਪਾਟੇ ਲੀੜੇ, ਚੋਂਦਾ ਘਰ,
ਕਿਹੜੀ ਕਿਹੜੀ ਹੋਰ ਗਿਣਾਈਏ ਦਿਲ ਨੂੰ ਪਈ ਬਿਮਾਰੀ ਰਾਤ ।

ਤੂੰ ਵੀ ਹੁਣ ਸੋਨੇ ਦਾ ਬਣਕੇ ਚੰਗੀ ਹੋਣ 'ਚ ਰਾਜ਼ੀ ਏਂ,
ਮਿੱਟੀ ਦਾ ਭਗਵਾਨ ਸਜਾਕੇ ਰਹਿਆ ਇਕ ਪੁਜਾਰੀ ਰਾਤ

ਸੁੱਤੇ ਉਠਕੇ ਸੁਣਿਆ ਏ ਅੱਜ ਰੋਂਦੀ ਹੈ ਗੀਤਾ ਉਸ ਪਾਸੇ
ਸਤਿ-ਪੁਰਸ਼ਾਂ ਦੀ ਜਿਸ ਪਾਸੇ ਨੂੰ ਲੰਘੀ ਸੀ ਅਸਵਾਰੀ ਰਾਤ ।

ਦੋਣ 'ਤੇ ਬੈਠਾ ਡੱਬੀ ਦੇ ਵਿਚ ਬਚੀਆਂ ਤੀਲਾਂ ਗਿਣਦਾ ਏ,
ਹਾਥੀ ਦਾ ਸੌਦਾ ਕਰਦਾ ਸੀ ਚੌਂਕ 'ਚ ਇਹ ਵਪਾਰੀ ਰਾਤ ।

ਦੇਂ ਦੇ ਨਿੱਤ ਪਿਆਲੇ ਸਭ ਨੂੰ ਜਿਸਦੇ ਚਰਨਾਂ ਦਾ ਅਮ੍ਰਿਤ,
ਦਾਰੂ ਪੀ ਕੇ ਉਸ 'ਰਾਧਾ' ਨੂੰ ਚੁੰਮਦਾ ਰਿਹਾ ਪੁਜਾਰੀ, ਰਾਤ ।

ਫੁਰਦੀ ਤਾਂ ਸਭ ਨੂੰ ਹੈ ਪਰ ਨ ਬਣਦੀ ਤੇਰੇ ਵਰਗੀ ਗੱਲ,
ਥੱਕੇ ਨ ਸੁਣ ਸੁਣ ਕੇ ਤੂੰ ਜੋ ਸ਼ਿਅਰ ਸੁਣਾਏ ਸਾਰੀ ਰਾਤ ।

ਆਓ-ਭਗਤ, ਸਮਾਜੀ ਦੁਖ-ਸੁਖ, ਨੀਤੀ ਬਾਰੇ ਕੁਝ ਨਿਰਣੇ,
ਕਿੱਦਾਂ ਕੋਈ ਭੁੱਲ ਸਕੇਗਾ 'ਨੀਲੋਂ' ਨਾਲ ਗੁਜ਼ਾਰੀ, ਰਾਤ ।

(ਲੁਧਿਆਣਾ)

# ਦੋ ਗ਼ਜ਼ਲਾਂ

-ਠਾਕੁਰ ਭਾਰਤੀ

## 1

ਮਸਤੀ ਦੇ ਵਰਤਾਵਣ ਪਾਵੇ, ਚੱਲਣ ਚਾਲਾਂ ਕਹਿਰ ਦੀਆਂ ।
ਸੌਣ ਮਹੀਨੇ ਬਦਲੀਆਂ ਜਾਪਣ ਗ਼ਜ਼ਲਾਂ ਲੰਮੀ ਬਾਹਿਰ ਦੀਆਂ ।
ਧੂੰਏਂ ਨੂੰ ਸਮਝਾਉ ਤਾਣੇ ਛੋਲਦਾਰੀਆਂ ਗਹਿਰ ਦੀਆਂ ।
ਧਰਤੀ ਦਾ ਧਨ ਢੋਈ ਜਾਵਣ, ਧੁੱਪਾਂ ਸਿਖਰ ਦੁਪਹਿਰ ਦੀਆਂ ।
ਜਿਸ ਦੇ ਕੋਲ ਵੀ ਜਾਈਏ ਉਹੀਓ ਚੂੰਡ ਚੂੰਡਾ ਕੇ ਖਾਂਦਾ ਹੈ,
ਗਿਰਝਾਂ ਓੜਕ ਗਿਰਝਾਂ ਹੀ ਨੇ ਪਿੰਡ ਦੀਆਂ ਕੀ ਸ਼ਹਿਰ ਦੀਆਂ ।
ਸਿਰ ਪੋਲਾ ਕਰਵਾ ਬੈਠੋਗੇ, ਨੀਹਾਂ ਨੂੰ ਵੀ ਗਾਲੋਗੇ,
ਰੋਂਦੇ ਸਜਣੋ ! ਚੰਗੀਆਂ ਨਈਂ ਇਹ ਕਣੀਆਂ ਅੱਠੇ ਪਹਿਰ ਦੀਆਂ ।
ਦਿਲ ਵਿੱਚੋਂ ਨਿਕਲੇ ਜੋ ਹਾਹ, ਉਸਦੇ ਪੈਰਾਂ ਨੂੰ ਸਾਂਤ ਨਹੀ,
ਬੇਓੜਕ ਲੰਮੀਆਂ ਨੇ ਵਾਟਾ ਸਾਗਰ ਦੀ ਇਸ ਲਹਿਰ ਦੀਆਂ ।
ਆਪਾ ਗਲ ਗਲੇਵੇਂ ਪਾਕੇ ਵਾਹ ਲਾਕੇ ਥਕ ਹਾਰ ਗਏ,
ਕੀ ਕਰੀਏ ਪੰਖੇਰੂ ਨਜ਼ਰਾਂ ਇਕ ਥਾਂ ਤੇ ਨਈ ਠਹਿਰ ਦੀਆਂ ।
ਰੋਗੀ ਦਾ ਛੁਟਕਾਰਾ ਚਾਂਹਦੇ ਹੋ ਤਾਂ ਇਕੋ ਦਾਰੂ ਹੈ,
ਵੈਦਹੁਰਾਂ ਨੂੰ ਢਾ ਕੇ ਦੇਵੋ ਇਕ ਦੋ ਪੁੜੀਆਂ ਜ਼ਹਿਰ ਦੀਆਂ ।
ਯਾਦਾਂ ਰੜਕਨ ਲਗੀਆਂ ਤਾਂ ਦਿਲ ਆਪਣੇ ਥਾਂ ਤੋਂ ਸਰਕ ਗਿਆ,
ਕੀ ਦਸੀਏ, ਕੀ ਦਸੀਏ ਗੱਲਾਂ ਬਾਤਾਂ ਪਿਛਲੇ ਪਹਿਰ ਦੀਆਂ ।
ਕਿੱਨਾ ਚਿਰ, ਕਿੰਨੀ ਕੁ ਵਾਰੀ, ਡਰ ਡਰ ਕੇ ਦੜ ਵੱਟੋਗੇ,
ਰਾਤੀ ਫੇਰ ਉਨ੍ਹਾਂ ਨੇ ਠਾਕੁਰ ਖਾਲਾਂ ਕੱਟੀਆਂ ਨਹਿਰ ਦੀਆਂ ।

## 2

ਆਦਮ, ਆਦਮ ਬੋ ਹੈ ਮੇਰੇ ਕਮਰੇ ਵਿਚ ।
ਰਹਿਣ ਦਿਓ ਬੱਸ ਜੋ ਹੈ ਮੇਰੇ ਕਮਰੇ ਵਿਚ ।
ਜੋ ਚਾਂਹਦਾ ਹਾਂ ਸੋ ਹੈ ਮੇਰੇ ਕਮਰੇ ਵਿਚ,
ਸੁੰਦਰਤਾ ਦਾ ਸ਼ੋ ਹੈ ਮੇਰੇ ਕਮਰੇ ਵਿਚ ।
ਤ੍ਰਿਤਲੀ ਆਉਂਦੀ ਹੈ ਤਾਂ ਪੈਲਾਂ ਪਾਉਂਦੀ ਹੈ,
ਫੁੱਲਾਂ ਦੀ ਖ਼ੁਸ਼ਬੋ ਹੈ ਮੇਰੇ ਕਮਰੇ ਵਿਚ ।
ਵਿਰਲਾ ਥਾਣੀ ਝਾਕੀ ਜਾਂਦਾ ਹੈ ਸੂਰਜ,
ਜਿਉਂ ਉਸਦੀ ਲਾਡੋ ਹੈ ਮੇਰੇ ਕਮਰੇ ਵਿਚ ।
ਧੁਖਦੀ ਹੋਈ ਧੂਫ਼ ਗਵਾਹੀ ਦਿੰਦੀ ਹੈ,
ਵਹਿਮਾਂ ਦੀ ਬਦਬੋ ਹੈ ਮੇਰੇ ਕਮਰੇ ਵਿਚ ।
ਹਰ ਕੋਈ ਹੀ ਲੱਦਿਆ ਲੱਦਿਆ ਆਉਂਦਾ ਹੈ,
ਰਾਮ ਦੀ ਢੋਹਾ ਢੋ ਹੈ ਮੇਰੇ ਕਮਰੇ ਵਿਚ ।
ਨਿਘ ਵੀ ਦਿੰਦੀ ਹੈ, ਦਿੰਦੀ ਹੈ ਚਾਨਣ ਵੀ,
ਇਕ ਅਦੁੱਤੀ ਲੋ ਹੈ ਮੇਰੇ ਕਮਰੇ ਵਿਚ ।
ਗੁਸੇ ਦੇ ਵਿਚ ਅੱਖਾਂ ਭਰਕੇ ਬੈਠੇ ਨੇ,
ਚੜ੍ਹਿਆ ਹੋਇਆ ਚੋਂ ਹੈ ਮੇਰੇ ਕਮਰੇ ਵਿਚ ।
ਜਿਸਨੂੰ ਲਭਦੇ ਹੋਏ ਗਵਾਚੇ ਫਿਰਦੇ ਹੋ ?
ਆਓ, ਆ ਜਾਓ, ਹੈ ਮੇਰੇ ਕਮਰੇ ਵਿਚ ।
ਮੇਰੀ ਬਾਬਤ ਜੋ ਕੁਝ ਲੋਕੀ ਕਹਿੰਦੇ ਨੇ,
ਉਹ ਸਾਰੀ ਕੰਨਸੋ ਹੈ ਮੇਰੇ ਕਮਰੇ ਵਿਚ,
ਏਨੀ ਕੁ ਹੀ ਮੇਰੀ ਦੁਨੀਆਂ ਹੈ ਠਾਕੁਰ,
ਜਿੰਨਾਂ ਕੁਝ ਹੈ ਜੋ ਹੈ ਮੇਰੇ ਕਮਰੇ ਵਿਚ ।

—ਹੁਸ਼ਿਆਰਪੁਰ (ਪੰਜਾਬ)

# ਗਜ਼ਲ

-ਮਹਿੰਦਰ ਸਾਥੀ

ਇਥੇ ਉਹ "ਸਿਆਣਾਂ" ਤੇ ਹਨ "ਘੋੜਿਆਂ" ਦੇ,
ਜੋ ਗੱਲ ਦੇ ਹੋਣ ਦਾ ਲਾਉਂਦੇ ਨੇ ਕਿਆਸਾ ।
ਅਸੀਂ ਆਸ ਇਨ੍ਹਾਂ ਤੇ ਲਾਈ ਸੀ ਬੈਠੇ,
ਕਿ ਇਹ ਰਹਿਣਗੇ ਵੱਖਰਾ ਖਿੱਚਿਆ "ਹਜ਼ਾਰਾ"।

ਨਵੇਂ ਨਿੱਤ ਉਸਰਦੇ ਨੇ ਮੰਦਰ ਤੇ ਮਸਜਿਦ,
ਫਿਰ ਨਿੱਤ ਉਸਰਦਾ ਪਿਆ ਗੁਰਦੁਆਰਾ ।
ਕਿਤਾਬਾਂ ਤੇ ਬੁੱਤਾਂ ਦੀ ਹੁੰਦੀ ਹੈ ਪੂਜਾ,
ਤੇ ਇਨਸਾਂ ਦਾ ਰੁਲਦਾ ਪਿਆ ਹਰ ਨਜ਼ਾਰਾ ।

ਕੀ ਦੂਜੀ ਅਜ਼ਾਦੀ ਦੇ ਇਹੋ ਨੇ ਆਸ਼ਕ,
ਅਹਿੰਸਾ ਤੇ ਜਮਹੂਰ ਦੇ ਇਹ ਨੇ ਪਾਲਕ,
ਜਿਨ੍ਹਾਂ ਦੀ ਅਹਿੰਸਾ ਤੇ ਜਮਹੂਰ ਪਲਦੇ,
ਨੇ ਖਾ ਖਾ ਕੇ ਮਜ਼ਦੂਰਾਂ ਦੇ ਜੀਵਨ ਦਾ ਚਾਰਾ।

ਇਹਨੇ ਫੂਕ ਦਿੱਤੇ ਰਹੁੰਦੇ ਦੇ ਜੰਗਲ,
ਤੇ ਪਿਘਲਾ ਨੇ ਦਿੱਤੇ ਗੁਲਾਮੀ ਦੇ ਸੰਗਲ,
ਸਮੇਂ ਮਿਹਰ ਤੇ ਬਾਂ-ਮਿਹਰ ਹੈ ਜਿਥੇ ਦੀ ਤਿਗਿਆ,
ਐ! ਸਾਡੇ ਕ੍ਰਾਂਤੀ ਦਾ ਸੂਰਜ ਇਹ ਸਤਾਰਾ।

ਤੇਰੇ ਤੋਂ ਜੋ ਕਾਗਜ਼ ਕਲਮ ਖੋਹ ਲਏ ਨੇ,
ਜੋ ਬੁੱਲ੍ਹ ਸੀ ਸਿੱਤੇ ਨੇ ਰਹੁੰਦੇ ਨੇ ਤੇਰੇ,
ਤੂੰ ਅੱਖੇ ਤੇ ਧਰ ਲੈ! ਤੂੰ ਅੱਖਾਂ 'ਚ ਤਰ ਲੈ!
ਜੋ ਲੋਰੇ ਨੂੰ ਦੂਰੇ ਉਹ ਰੋਹ ਦਾ ਅੰਗਾਰਾ।

ਨਿਤਰੇ - ਦੁਰੰਗੇ ਇਹ ਨੀਲੇ ਓ ਭਗਵੇਂ,
ਇਹ ਚੰਦਰ ਇਹ ਖੇੜੇ ਇਹ ਵੈਦੋਂ ਨੇ ਲੰਗੇ,
ਇਨ੍ਹਾਂ ਤੋਂ ਤੁਸੀਂ ਆਸ ਰੱਖ ਦੀ ਨਾ ਰੱਖੋ।
ਹੈ ਜੇਦਾ ਇਨ੍ਹਾਂ ਦਾ ਤਾਂ ਧੋਖਾ ਜਾਂ ਲਾਰਾ।

ਉਹ ਜੋ ਬੰਦ ਕਮਰੇ 'ਚ ਹੀ ਜੂਝਦੇ ਨੇ,
ਕ੍ਰਾਂਤੀ ਜੋ ਕਿਸਤਰ ਤੇ ਹੀ ਬੀਜਦੇ ਨੇ,
ਜੋ ਇਹ "ਇਨਕਲਾਬੀ" ਮੈਨੂੰ ਕਹਿਣ ਕਾਇਰ,
ਕਿਵੇਂ ਦੋਸਤੋ! ਕਰ ਲਵਾਂ ਮੈਂ ਗਵਾਰਾ ।

ਉਹ ਦਰਸ਼ਨ ਦੀ ਜਿਸਦੀ ਨਜ਼ਰ ਵਿਚ ਜਗ੍ਹਾ ਹੈ,
ਕਿ ਵਿਗਿਆਨ ਦੀ ਧਰਤ ਵਿਚ ਜਿਸ ਦੀ ਨੀਂਹ ਹੈ,
ਤਾਂ ਉਸ ਪੰਛੀ ਦੇ ਵਾਂਗੂੰ ਹੈ ਆਦਮੀ ਇਹ,
ਸੁਧਾਰ ਦਾ ਨਹੀਂ ਜਿਸਨੂੰ ਇਸਦਾ ਉਲਾਰਾ।

ਤੇਰਾ ਸਾਥ ਰਸਮਾਂ ਨੇ ਜਦ ਖੋਹ ਲਿਆ ਸੀ,
ਮੇਰੇ ਸਾਥ ਲੋਕਾਂ ਦਾ ਗਮ ਹੋ ਗਿਆ ਫਿਰ,
ਉਹੀ ਲੋਕ ਅੱਜ ਮੈਨੂੰ ਕਹਿੰਦੇ ਨੇ ਬਾਗੀ,
ਤਿਰੇ ਸੰਗ ਤੋੜ ਕੇ ਜੋ ਕਹਿੰਦੇ ਸੀ ਅਵਾਰਾ।

ਉਹ ਕਾਂਵੀ ਦੀ ਕੰਧ ਅੱਜ ਪਈ ਹੈ ਤ੍ਰੇੜੀ,
ਨਹੀਂ ਸਾਡੇ ਤੋਂਕ ਆਉਣ ਧੁੱਪ ਦੇਂਦੀ ਜੋੜੀ,
ਸਜਣਾਂ ਨਾ ਗੁਆਉ! ਲੈ ਏਕੇ ਦਾ ਤੇਸਾ,
ਕਰੋ ਸਾਥੀਓ ਵਾਰ ਰਲ ਕੇ ਕਰਾਰਾ।


*PAUL'S PLUMBING & ELECTRICAL SUPPLY*

**PLUMBING & BATHROOM FIXTURES & SUPPLIES**
**HOT WATER TANKS**
**HOT WATER HEATING & SUPPLIES**




ਖੁਸ਼ਖਬਰੀ! ਤੁਹਾਡੀ ਸਹੂਲਤ ਲਈ ਪਲੰਬਿੰਗ
ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ
ਆਪਣੇ ਭਾਈ ਉਸ ਪਾਲ ਵੱਲੋਂ 32
ਐਵੇਨਿਊ ਲਾਗੇ 4774 ਮੇਨ ਸਟਰੀਟ
ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ।

**ਸਾਡੇ ਕੋਲ ਆਵੋ, ਪੰਜਾਬੀ 'ਚ ਗਲਬਾਤ ਕਰੋ**
**ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ ।**

**872 3118**

**English-Punjab-Hindi Spoken**
**4774 Main St (at 32nd)**
**Vancouver ● 872-3118**
**Open Sunday — Parking at rear.**

**SHAKTI GIFT**

**6576 MAIN STREET, VANCOUVER, B.C.**



**Where you can get all types of Real and Artificial Jewellery and all types of oriental designs can be made!**

**SALE AND REPAIRS OF WATCHES**

Res. 327-8259
Bus 321-6214

SPECIALIST IN EAST INDIAN JEWELLERY
GIFTWARE & REPAIRS

ਹਰ ਤਰ੍ਹਾਂ ਦੇ ਗਹਿਣੇ ਬਣਾਉਣ ਲਈ
ਸਾਡੀ ਦੁਕਾਨ ਤੇ ਆਓ।

# ਜੋਤਿਸ਼ ਰਾਹੀਂ ਆਪਣਾ ਭਵਿੱਖ ਜਾਣੋ

ਮੁਸ਼ਕਲਾਂ ਤੇ ਕਾਬੂ ਪਾਵੋ ਅੱਜ ਹੀ ਸਲਾਹ ਲਵੋ

ਮਿਸਿਜ ਮੁਤੇਲਾ 251-3697

Mrs. Madella - Spiritual reader and adviser. Palm and tarot card reading. She will help you with your problems in business, health, love affairs, sickness, where others have failed. Special reading by mail with free monthly horoscope. Send $10.00, date of birth and year to - Mrs. Madella. P.O. Box 69784, Station 'K', Vancouver, B.C. V5K 4Y7.

**TELEPHONE: 251-3697**

If you are looking for
*Quality
* Quality
* Price



* After sale service when buying your car contact

**Kuldip S. Jhand**

ਕਿਸੇ ਪਰਕਾਰ ਦੀ ਕਾਰ ਖ੍ਰੀਦਣੀ ਜਾਂ
ਟਰੇਡ ਕਰਨੀ ਹੋਵੇ ਤਾਂ ਖ੍ਰੀਦਣ
ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫੂਨ ਕਰੋ



Office
**521-7731**
Res. 524-4137

**WESTMINSTER CHEVROLET-OLDSMOBILE**
12 th Ave. at Queens Ave
New West Minster

# KINGSGATE INSURANCE AGENCIES




YOUR Independent Insurance AGENT "SERVES YOU FIRST"

autoplan AUTHORIZED AGENT

THE BEST SERVICE COSTS NO MORE

Fazal Khan
&
Daljit S. Sidhu

For Quick, Efficient & Most Courteous Service Visit

**104. KINGSGATE MALL**
**370 E. BROADWAY**
**VANCOUVER B.C.**
**PH.872-7827**

**MANAGER: FAZAL KHAN**

**6697 MAIN ST., [51st & MAIN]**

**VANCOUVER B.C.**
**PH. 324-2311**

**MANAGER: DALJIT SIDHU**

# ਬੀ. ਸੀ. ਦੇ ਖੇਤ-ਮਜ਼ਦੂਰ

ਸਾਧੂ

ਵੀਹਵੀਂ ਸਦੀ ਦੀ ਅਖੀਰਲੀ ਚੌਥਾਈ ਵਿਚ ਕੈਨੇਡਾ ਵਰਗੇ ਤਰੱਕੀ ਕਰ ਚੁੱਕੇ ਅਮੀਰ ਮੁਲਕ ਵਿਚ ਵੀ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਪੂਰੇ ਜ਼ੋਰਾਂ ਸ਼ੋਰਾਂ ਤੇ ਜਾਰੀ ਹੈ। ਮਜ਼ਦੂਰ ਜਮਾਤ ਨੇ ਜਥੇਬੰਦ ਹੋ ਕੇ ਸਰਮਾਏਦਾਰ ਕੋਲੋਂ ਥੋੜੀ ਬਹੁਤ ਰਹਿਣ ਸਹਿਣ ਲਈ ਅਨੇਕਾਂ ਹੱਕ ਜਿੱਤੇ ਹਨ। ਪਰ ਅਜੇ ਵੀ ਜਿਥੇ ਕਿਤੇ ਵੀ ਮੌਕਾ ਹੈ ਮਜ਼ਦੂਰ ਨੂੰ ਲੁੱਟਿਆ ਜਾ ਰਿਹਾ ਹੈ। ਉਹਨੂੰ ਜਥੇਬੰਦ ਹੋਣ ਤੋਂ ਰੋਕਿਆ ਜਾ ਰਿਹਾ ਹੈ। ਜਾਂ ਆਰਥਿਕ ਔਕੜਾਂ ਲਈ ਉਹਨੂੰ ਕਸੂਰਵਾਰ ਠਹਿਰਾਇਆ ਜਾ ਰਿਹਾ ਹੈ। ਬੀ. ਸੀ. ਦੇ ਫ਼ਾਰਮਾਂ ਵਿਚ ਵੀ ਇਸੇ ਕਿਸਮ ਦੀ ਹਨੇਰ ਗਰਦੀ ਮਚੀ ਹੋਈ ਹੈ।

ਫਰੇਜ਼ਰ ਵੈਲੀ ਦੇ ਖੇਤਾਂ ਵਿਚ ਕੰਮ ਕਰਨ ਵਾਲਿਆਂ ਵਿਚੋਂ ਬਹੁਤੀ ਗਿਣਤੀ ਹਿੰਦੁਸਤਾਨੀਆਂ ਦੀ ਹੈ। ਵੈਨਕੂਵਰ ਦੇ ਨਾਲ ਲਗਦੇ ਇਲਾਕਿਆਂ ਵਿਚ ਚੀਨੇ ਤੇ ਹੋਰ ਘੱਟ ਗਿਣਤੀ ਕੌਮਾਂ ਦੇ ਲੋਕ ਵੀ ਕੰਮ ਕਰਦੇ ਹਨ। ਪਿਛਲੇ ਦਸ ਬਾਰਾਂ ਸਾਲ ਤੋਂ ਜਦ ਤੋਂ ਹਿੰਦੁਸਤਾਨੀ ਵਧ-ਗਿਣਤੀ ਵਿਚ ਇਥੇ ਆਕੇ ਵਸਣੇ ਸ਼ੁਰੂ ਹੋਏ ਹਨ, ਉਹਨਾਂ ਨੂੰ ਉਹ ਹੀ ਕੰਮ ਕਰਨ ਨੂੰ ਮਿਲੇ ਹਨ ਜਿਹੜੇ ਘੱਟ ਤਨਖਾਹ ਵਾਲੇ ਹਨ ਅਤੇ ਜਿਨ੍ਹਾਂ ਨੂੰ ਦੂਜੇ ਲੋਕ ਕਰਨਾ ਨਹੀਂ ਚਾਹੁੰਦੇ। ਇਹੀ ਕਾਰਨ ਹੈ ਕਿ ਬਹੁਤ ਸਾਰੇ ਹਿੰਦੁਸਤਾਨੀ ਫ਼ਾਰਮਾਂ ਵਿਚ, ਦਫ਼ਤਰਾਂ ਆਦਿ ਦੀ ਸਫ਼ਾਈ ਕਰਨ ਵਿਚ, ਘਰਾਂ ਵਿਚ ਐਡਵਰਟਾਈਜ਼ਮੈਂਟ ਦੇ ਪੇਪਰ ਅਤੇ ਹੋਟਲਾਂ ਆਦਿ ਵਿਚ ਭਾਂਡੇ ਧੋ ਕੇ ਆਪਣੀ ਰੋਜ਼ੀ ਕਮਾਉਂਦੇ ਹਨ। ਇਹਨਾਂ ਵਿਚੋਂ ਬਹੁਤੇ ਲੋਕ ਇਸ ਤੋਂ ਚੰਗੇ ਕੰਮ ਕਰਨ ਦੀ ਸਿਖਿਆ ਅਤੇ ਯੋਗਤਾ ਰੱਖਦੇ ਹਨ। ਪਰ, ਕੈਨੇਡਾ ਦੇ ਇਕ ਉਚ ਅਫ਼ਸਰ ਮੁਤਾਬਕ ਦੇਸ਼ ਆਉਂਦੇ ਨਵੇਂ ਇਮੀਗਰੈਂਟਾਂ ਨੂੰ ਥੱਲੇ ਦੇ ਕੰਮ ਕਰਕੇ ਉਪਰ ਜਾਣਾ ਪੈਂਦਾ ਹੈ। ਇਸ ਨੂੰ ਇਹ ਕੁਦਰਤੀ ਤਰੀਕਾ ਦੱਸਦੇ ਹਨ। ਪਰ ਇਹਨਾਂ ਦਾ ਇਹ ਕੁਦਰਤੀ ਤਰੀਕਾ ਬਹੁਤੇ ਯੂਰਪੀਨ ਮੁਲਕਾਂ ਤੇ ਖਾਸ ਕਰ ਇੰਗਲੈਂਡ ਵਿਚੋਂ ਆਉਂਦੇ ਗੋਰੀ ਚਮੜੀ ਵਾਲੇ ਇਮੀਗਰੈਂਟਾਂ ਤੇ ਲਾਗੂ ਨਹੀਂ ਹੁੰਦਾ।

ਇਹਨਾਂ ਦੇ ਇਸ ਕੁਦਰਤੀ ਤਰੀਕੇ ਵਿਚ ਇਸ ਵਕਤ ਸਾਡੀ ਬਹੁ-ਗਿਣਤੀ ਫਸੀ ਹੋਈ ਹੈ। ਜਿਨ੍ਹਾਂ ਜਿਨ੍ਹਾਂ ਥਾਵਾਂ ਉਪਰ ਮਜ਼ਦੂਰ ਜਥੇਬੰਦ ਹੋ ਚੁੱਕੇ ਹਨ, ਉਥੇ ਭਾਰਤੀ ਮਜ਼ਦੂਰਾਂ ਨੂੰ ਵੀ ਕੰਮ ਉਪਰ ਲੱਗਣ ਮਗਰੋਂ ਕੋਈ ਖਾਸ ਔਖਿਆਈਆਂ ਨਹੀਂ ਆਉਂਦੀਆਂ। ਪਰ ਅਜੇ ਕਈ ਥਾਂ ਇਹੋ ਜਿਹੇ ਹਨ ਜਿਥੇ ਮਜ਼ਦੂਰ ਜਥੇਬੰਦ ਨਹੀਂ ਹੋਏ। ਇਹੋ ਜਿਹਾ ਹੀ ਇਕ ਥਾਂ ਬੀ. ਸੀ. ਦੇ ਫ਼ਾਰਮ ਹਨ। ਇਹਨਾਂ ਫ਼ਾਰਮਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਕੋਈ ਜਥੇਬੰਦੀ ਨਹੀਂ ਜੋ ਇਹਨਾਂ ਦੇ ਹੱਕਾਂ ਵਿਚ ਆਵਾਜ਼ ਉਠਾ ਸਕੇ। ਹੈਰਾਨੀ ਇਸ ਗੱਲ ਦੀ ਹੈ ਕਿ ਖੇਤ-ਮਜ਼ਦੂਰ ਨੂੰ ਕਾਨੂੰਨੀ ਤੌਰ ਤੇ ਵੀ ਦੂਜੇ ਮਜ਼ਦੂਰ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਅਤੇ ਨਾ ਹੀ ਉਸ ਨੂੰ ਦੂਜੇ ਮਜ਼ਦੂਰਾਂ ਵਾਲੇ ਹੱਕ ਪ੍ਰਾਪਤ ਹਨ। ਕਾਨੂੰਨ ਦਾ ਕੋਈ ਖਾਸ ਡਰ ਨਾ ਹੋਣ ਕਰਕੇ ਖੇਤ ਮਾਲਕ ਤੇ ਠੇਕੇਦਾਰ ਰਲਕੇ ਮਜ਼ਦੂਰਾਂ ਨੂੰ ਅਨੇਕਾਂ ਤਰੀਕਿਆਂ ਨਾਲ ਲੁੱਟਦੇ ਹਨ।

ਖੇਤ ਮਜ਼ਦੂਰਾਂ ਨੂੰ ਠੇਕੇਦਾਰ ਬੱਕਰਾਂ ਦੀ ਤਰ੍ਹਾਂ ਟਰੱਕਾਂ ਵਿਚ ਲੱਦਕੇ ਲੈ ਜਾਂਦੇ ਹਨ। ਸਵੇਰੇ ਪੰਜ ਵਜੇ ਦੇ ਗਏ ਰਾਤ ਨੂੰ ਨੌ ਤੋਂ ਬਾਅਦ ਘਰ ਪਹੁੰਚਦੇ ਹਨ। ਖੇਤਾਂ ਵਿਚ ਕੰਮ ਕਰਨ ਦੀਆਂ ਹਾਲਤਾਂ ਕੰਮ ਕਰਨ ਯੋਗ ਨਹੀਂ ਹੁੰਦੀਆਂ। ਪੀਣ ਲਈ ਪਾਣੀ ਦਾ ਪ੍ਰਬੰਧ ਨਹੀਂ ਹੁੰਦਾ। ਜੇ ਹਰ ਪਾਣੀ ਪੀਣ ਵੇਲੇ ਤੇ ਰੋਟੀ ਖਾਣ ਵੇਲੇ ਮੀਂਹ ਜਾਂ ਸਖਤ ਧੁੱਪ ਤੋਂ ਕੋਈ ਪ੍ਰਬੰਧ ਨਹੀਂ ਹੁੰਦਾ। ਟੱਟੀਆਂ ਵਗੈਰਾ ਦਾ ਕੋਈ ਖਾਸ ਪ੍ਰਬੰਧ ਨਹੀਂ ਹੁੰਦਾ। ਇਹਨਾਂ ਮਾੜੀਆਂ ਹਾਲਤਾਂ ਵਿਚ ਕੰਮ ਕਰਨ ਵਾਲਿਆਂ ਕੋਲੋਂ ਠੇਕੇਦਾਰ (ਜਿਹੜੇ ਕਿ ਅਕਸਰ ਹਿੰਦੁਸਤਾਨੀ ਹੀ ਹੁੰਦੇ ਹਨ) 'ਮੁਗ਼ਲਾਂ' ਵਾਲੇ ਰੋਹਬ ਨਾਲ ਕੰਮ ਲੈਂਦੇ ਹਨ। ਕਾਮਿਆਂ ਨੂੰ ਮੌਤ ਤੋਂ ਵੱਧ ਜ਼ਲੀਲੀ ਆਪਣੀ ਕਮਾਈ ਵਸੂਲ ਕਰਨ ਵੇਲੇ ਹੁੰਦੀ ਹੈ। ਠੇਕੇਦਾਰ ਮਨ ਮਰਜ਼ੀ ਨਾਲ ਜਦੋਂ ਜੀ ਕਰੇ ਪੈਸੇ ਦਿੰਦੇ ਹਨ ਤੇ ਕਈ ਵਾਰੀ ਤਾਂ ਬਣੇ ਬਜ਼ਾਰ ਤਰੀਕੇ ਵਕਤ ਦੇ ਪੈਸੇ ਦਿੰਦੇ ਹੀ ਨਹੀਂ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਬੀ. ਸੀ. ਦੀ ਸਰਕਾਰ ਇਸ ਸਭ ਕਾਸੇ ਬਾਰੇ ਨਹੀਂ ਜਾਣਦੀ? ਪਰ ਕਈ ਵਜ਼ੀਰਾਂ ਦੇ ਬਿਆਨਾਂ ਤੋਂ ਪਤਾ ਲਗਦਾ ਹੈ ਕਿ ਉਹ ਖੇਤ ਕਾਮਿਆਂ ਦੀ ਹਾਲਤ ਬਾਰੇ ਸਭ ਕੁਝ ਕਾਫੀ ਦੇਰ ਦਾ ਜਾਣਦੇ ਹਨ। ਸਭ ਕੁਝ ਜਾਣਦਿਆਂ ਹੋਇਆਂ ਵੀ ਸਰਕਾਰ ਨੇ ਖੇਤ ਮਜ਼ਦੂਰਾਂ ਬਾਰੇ ਕੁਝ ਨਹੀਂ ਕੀਤਾ। ਲਗਦਾ ਹੈ ਉਹ ਇਸ ਚੋਰ ਬਜ਼ਾਰੀ ਨੂੰ 'ਕੁਦਰਤੀ ਤਰੀਕਾ' ਹੀ ਸਮਝਦੇ ਹਨ।

ਇਸ ਹਨੇਰਗਰਦੀ ਦੀ ਕਹਾਣੀ ਵਿਚ ਇਕ ਚਾਨਣਾ ਪੱਖ ਵੀ ਹੈ। ਉਹ ਹੈ ਮਜ਼ਦੂਰਾਂ ਦੀ ਆਪਣੇ ਹੱਕਾਂ ਲਈ ਲੜਨ ਦੀ ਯੋਗਤਾ। ਪਿਛਲੇ ਸਾਲਾਂ ਵਿਚ ਇਕਾ-ਦੁਕਾ ਮਜ਼ਦੂਰਾਂ ਨੇ ਤੇ ਕੁਝ ਜਥੇਬੰਦੀਆਂ ਨੇ ਆਪਣੇ ਹੱਕਾਂ ਲਈ ਆਵਾਜ਼ ਉਚੀ ਕਰਨ ਦਾ ਹੌਸਲਾ ਕੀਤਾ ਹੈ। ਪਰ ਅਜੇ ਤੱਕ ਕੋਈ ਤਾਕਤਵਰ ਜਥੇਬੰਦੀ ਇਸ ਕੰਮ ਨੂੰ ਕਰਨ ਲਈ ਹੋਂਦ ਵਿਚ ਨਹੀਂ ਸੀ ਆਈ। ਪਿਛਲੇ ਦੋ ਕੁ ਮਹੀਨਿਆਂ ਵਿਚ ਸਰਗਰਮ ਹੋਈ ਇਕ ਜਥੇਬੰਦੀ ਜਿਸਦਾ ਨਾਂ ਹੈ "ਫ਼ਾਰਮ ਵਰਕਰਜ਼ ਆਰਗੇਨਾਈਜ਼ਿੰਗ ਕਮੇਟੀ" ਸ਼ਾਇਦ ਇਸ ਘਾਟ ਨੂੰ ਪੂਰਾ ਕਰਨ ਵਿਚ ਕਾਮਯਾਬ ਹੋ ਜਾਵੇ। ਉਹਨਾਂ ਨੇ ਹੁਣ ਤੱਕ ਦੋ ਵੱਡੇ ਪੱਧਰ ਦੀਆਂ ਪਬਲਿਕ ਮੀਟਿੰਗਾਂ ਕੀਤੀਆਂ ਹਨ। ਇਹਨਾਂ ਮੀਟਿੰਗਾਂ ਵਿਚ ਬਹੁਤ ਸਾਰੇ ਮਜ਼ਦੂਰਾਂ ਨੇ ਹਿੱਸਾ ਲਿਆ ਹੈ। ਕਮੇਟੀ ਦੀਆਂ ਮੀਟਿੰਗਾਂ ਦੀ ਕਾਰਵਾਈ ਕੈਨੇਡਾ ਭਰ ਦੇ ਵੱਡੇ ਅਖਬਾਰਾਂ, ਰੇਡੀਓ ਤੇ ਟੀ. ਵੀ. ਵਾਲਿਆਂ ਨੇ ਕਵਰ ਕੀਤੀ ਹੈ। ਖੇਤ ਮਜ਼ਦੂਰਾਂ ਦੀਆਂ ਤਕਲੀਫ਼ਾਂ ਤੇ ਮੰਗਾਂ ਨੂੰ ਕੌਮੀ ਪੱਧਰ ਤੇ ਲੋਕਾਂ ਵਿਚ ਜਾਣੂ ਕਰਾ ਦੇਣਾ ਕਮੇਟੀ ਦੀ ਪਹਿਲੀ ਕਾਮਯਾਬੀ ਹੈ। ਇਸ ਕਮੇਟੀ ਨੇ ਭਾਰਤੀ ਕਮਿਊਨਿਟੀ ਦੇ ਵੱਖ ਵੱਖ ਹਿੱਸਿਆਂ ਅਤੇ ਪਾਰਟੀਆਂ ਜਥੇਬੰਦੀਆਂ ਤੋਂ ਵੀ ਕਾਫੀ ਮਦਦ ਲੈਣ ਦੀ ਕੋਸ਼ਿਸ਼ ਕੀਤੀ ਹੈ ਜਿਹੜੀ ਕਿ ਇਕ ਚੰਗੀ ਗੱਲ ਹੈ। ਇਹ ਮਸਲਾ ਸਾਰੀ ਮਜ਼ਦੂਰ ਜਮਾਤ ਦਾ ਹਿੱਸਾ ਹੈ ਅਤੇ ਜਿੰਨੇ ਵੀ ਵੱਧ ਤੋਂ ਵੱਧ ਲੋਕ ਇਸ ਵਿਚ ਭਾਗ ਲੈਣਗੇ - ਖੇਤ ਮਜ਼ਦੂਰ ਉਨੀ ਛੇਤੀ ਹੀ ਕਾਮਯਾਬ ਹੋਣਗੇ। ਭਾਰਤੀ ਜਥੇਬੰਦੀਆਂ ਦੇ ਨਾਲ ਨਾਲ ਹੋਰ ਬਹੁਤ ਸਾਰੀਆਂ ਜਥੇਬੰਦੀਆਂ ਨੇ ਵੀ ਇਸ ਕਮੇਟੀ ਦੀ ਪੂਰੀ ਪੂਰੀ ਮਦਦ ਕਰਨ ਦਾ ਪ੍ਰਣ ਕੀਤਾ ਹੈ। ਜਿਹਨਾਂ ਵਿਚੋਂ I.W.A ਤੇ C.L.C. ਵਰਣਨਯੋਗ ਹਨ।

ਇਸ ਕਮੇਟੀ ਦੇ ਮੁੱਢਲੇ ਕੰਮਾਂ ਤੋਂ ਲਗਦਾ ਹੈ ਕਿ ਇਹ ਖੇਤ ਕਾਮਿਆਂ ਦੇ ਹੱਕਾਂ ਲਈ ਜ਼ਰੂਰ ਇਕ ਜਥੇਬੰਦਕ ਘੋਲ ਲੜਨਗੇ।

# ਕਿਉਂਕਿ ਅਸੀਂ ਗਰੀਬ ਹਾਂ

□ ਜੁਆਨ ਰੁਲਫੋ (ਮੈਕਸੀਕੋ)

ਇਥੇ ਸਭ ਕੁਝ ਮਾੜੇ ਤੋਂ ਮਾੜਾ ਹੀ ਵਾਪਿਰ ਰਿਹਾ ਸੀ। ਪਿਛਲੇ ਹਫਤੇ ਮੇਰੀ ਚਾਚੀ ਜੇਸੀਨਤ ਮਰ ਗਈ। ਸਨਿਚਰਵਾਰ ਉਹਨੂੰ ਦੱਬਣ ਤੋਂ ਬਾਅਦ ਥੋੜਾ ਜਿਹਾ ਵੇਹਲ ਹੋਇਆ ਤਾਂ ਮੀਂਹ ਪੈਣ ਲੱਗ ਪਿਆ। ਮੇਰੇ ਭਾਈਏ ਨੂੰ ਇਸ 'ਤੇ ਬੜਾ ਗੁੱਸਾ ਆਇਆ ਕਿਉਂਕਿ ਸਾਡੀ ਜੌਆਂ ਦੀ ਫਸਲ ਅਜੇ ਬਾਹਰ ਹੀ ਪਈ ਸੁੱਕ ਰਹੀ ਸੀ। ਤੂਫਾਨ ਇੰਨੀ ਤੇਜ਼ ਆਇਆ ਸਾਨੂੰ ਫਸਲ ਅੰਦਰ ਸਿੱਟਣ ਦਾ ਸਮਾਂ ਈ ਨਾ ਮਿਲਿਆ। ਅਸੀਂ ਮੀਂਹ ਤੋਂ ਬਚਦੇ ਛੱਪਰ ਹੇਠਾਂ ਬੈਠੇ ਫਸਲ ਤਬਾਹ ਹੁੰਦੀ ਦੇਖਣ ਤੋਂ ਬਿਨਾਂ ਕੁਝ ਨਾ ਕਰ ਸਕੇ।

ਤੇ ਕੱਲ ਹੀ ਜਦੋਂ ਮੇਰੀ ਭੈਣ ਤਾਸ਼ਾ ਬਾਰ੍ਹਾਂ ਸਾਲਾਂ ਦੀ ਹੋਈ ਤਾਂ ਸਾਨੂੰ ਪਤਾ ਲੱਗਾ ਕਿ ਦਰਿਆ ਸਾਡੀ ਉਹ ਗਾਂ ਹੜਾ ਕੇ ਲੈ ਗਿਆ ਹੈ ਜਿਹੜੀ ਭਾਈਏ ਨੇ ਉਹਨੂੰ ਜਨਮ ਦਿਨ ਤੇ ਦਿੱਤੀ ਸੀ। ਤਿੰਨ ਰਾਤਾਂ ਪਹਿਲਾਂ ਮੂੰਹ-ਹਨੇਰੇ ਦਰਿਆ ਨੇ ਚੜਨਾ ਸ਼ੁਰੂ ਕੀਤਾ। ਮੈਂ ਘੂਕ ਸੁੱਤਾ ਪਿਆ ਸਾਂ ਪਰ ਦਰਿਆ ਆਪਣੇ ਕੰਢਿਆਂ ਨਾਲ ਖਹਿਕੇ ਇੰਨਾ ਰੌਲਾ ਪਾ ਰਿਹਾ ਸੀ ਕਿ ਮੈਂ ਉਪਰਲੀ ਚਾਦਰ ਹੱਥ 'ਚ ਲਈ ਇੰਝ ਉਭੜਵਾਇਆ ਉਠਿਆ ਜਿਵੇਂ ਮੈਂ ਸੁਪਨਾ ਦੇਖਿਆ ਹੋਵੇ ਪਈ ਛੱਤ ਮੇਰੇ ਉਪਰ ਡਿੱਗ ਰਹੀ ਸੀ। ਮੈਂ ਫੇਰ ਮੰਜੇ 'ਤੇ ਪੈ ਗਿਆ ਮੈਨੂੰ ਪਤਾ ਸੀ ਕਿ ਇਹ ਦਰਿਆ ਦੀ ਹੀ ਆਵਾਜ ਹੈ ਤੇ ਫੇਰ ਮੈਨੂੰ ਛੇਤੀ ਹੀ ਨੀਂਦ ਆ ਗਈ।

ਜਦੋਂ ਮੈਂ ਉਠਿਆ ਤਾਂ ਅਸਮਾਨ 'ਤੇ ਕਾਲੀਆਂ ਘਟਾਵਾਂ ਛਾਈਆਂ ਹੋਈਆਂ ਸਨ। ਦਰਿਆ ਦੀ ਆਵਾਜ ਹੋਰ ਵੀ ਉਚੀ ਹੋ ਗਈ ਸੀ। ਆਵਾਜ਼ ਨੇੜੇ ਆ ਗਈ ਲਗਦੀ ਸੀ ਅਤੇ ਹੜ ਦੇ ਪਾਣੀ ਦੀ ਸੜੀ ਹੋਈ ਬੋਅ ਆ ਰਹੀ ਸੀ ਜਿਹੋ ਜਿਹੀ ਕੂੜੇ ਦੇ ਢੇਰ ਨੂੰ ਲੱਗੀ ਅੱਗ ਵੇਲੇ ਆਉਂਦੀ ਹੈ।

ਮੈਂ ਜਦੋਂ ਜਾ ਕੇ ਦੇਖਿਆ ਤਾਂ ਦਰਿਆ ਕੰਢਿਆਂ ਤੋਂ ਬਾਹਰ ਵਹਿ ਰਿਹਾ ਸੀ। ਸੜਕ ਦੇ ਨਾਲ ਨਾਲ ਹੌਲੀ ਹੌਲੀ ਦੌੜਦਾ ਉਸ ਤੀਵੀਂ ਦੇ ਘਰ ਅੰਦਰ ਵੜ੍ਹ ਰਿਹਾ ਸੀ ਜਿਹਨੂੰ ਸਾਰੇ ਢੋਲ ਕਹਿ ਕੇ ਬੁਲਾਉਂਦੇ ਸਨ। ਤਬੇਲੇ ਦੇ ਅੰਦਰ ਵੜਦੇ ਤੇ ਦਰਵਾਜੇ ਰਾਹੀਂ ਬਾਹਰ ਆਉਂਦੇ ਪਾਣੀ ਦੇ ਥਪੇੜਿਆਂ ਦਾ ਖੜਾਕ ਸੁਣਿਆ ਜਾ ਸਕਦਾ ਸੀ। ਢੋਲ ਅੰਦਰ ਬਾਹਰ ਦੌੜਦੀ ਆਪਣੇ ਕੁਕੜ ਕੁਕੜੀਆਂ ਸੜਕ 'ਤੇ ਨੂੰ ਸੁੱਟ ਰਹੀ ਸੀ ਤਾਂ ਕਿ ਉਹ ਹੜ ਤੋਂ ਬਚਣ ਲਈ ਕੋਈ ਥਾਂ ਲੱਭ ਸਕਣ।

ਪਾਰਲੇ ਕੰਢੇ ਮੋੜ ਕੋਲੋਂ ਦਰਿਆ ਨੇ 'ਟਾਮਾਰਿੰਡ' ਦਾ ਦਰੱਖਤ ਰੋੜ ਲਿਆ ਹੋਣਾ ਹੈ ਜਿਹੜਾ ਚਾਚੀ ਜੇਸੀਨਤਾ ਦੇ ਤਬੇਲੇ ਕੋਲ ਸੀ। ਹੁਣ ਉਹ ਦਰੱਖਤ ਕਿਤੇ ਨਹੀਂ ਸੀ ਦਿਸਦਾ। ਸਾਰੇ ਪਿੰਡ ਵਿਚ ਇਹ ਇਕੋ ਇਕ 'ਟਾਮਾਰਿੰਡ' ਦਾ ਦਰੱਖਤ ਸੀ। ਇਸ ਤੋਂ ਪਿੰਡ ਵਾਲਿਆਂ ਨੂੰ ਤਾਂ ਪਤਾ ਲੱਗ ਗਿਆ ਪਈ ਇੰਨਾ ਵੱਡਾ ਹੜ ਪਿਛਲੇ ਕਈ ਸਾਲਾਂ ਵਿਚ ਨਹੀਂ ਸੀ ਆਇਆ।

ਲੌਢੇਵੇਲੇ ਫੇਰ ਮੈਂ ਤੇ ਮੇਰੀ ਭੈਣ ਦਰਿਆ ਦੇਖਣ ਗਏ। ਪਾਣੀ ਗੰਦਾ ਤੇ ਗਾਹੜਾ ਸੀ ਤੇ ਪੁਲ ਤੋਂ ਵੀ ਉਪਰ ਦੀ ਵਹਿਣ ਲੱਗ ਪਿਆ ਸੀ। ਅਸੀਂ ਉਥੇ ਕਈ ਘੰਟੇ ਬਿਨਾਂ ਕਿਸੇ ਥਕੇਵੇਂ ਦੇ ਬੈਠੇ ਦੇਖਦੇ ਰਹੇ। ਫੇਰ ਅਸੀਂ ਘਾਟੀ ਦੇ ਨਾਲ ਨਾਲ ਉਪਰ ਨੂੰ ਲੋਕਾਂ ਦੀਆਂ ਗੱਲਾਂ ਸੁਨਣ ਚਲੇ ਗਏ। ਥੱਲੇ ਦਰਿਆ ਦੇ ਪਾਣੀ ਦਾ ਇੰਨਾ ਸ਼ੋਰ ਸੀ ਕਿ ਲੋਕਾਂ ਦੇ ਮੂੰਹ ਹਿਲਦੇ ਤਾਂ ਦਿਸਦੇ ਸਨ ਪਰ ਇਕ ਵੀ ਸ਼ਬਦ ਸੁਣਾਈ ਨਹੀਂ ਸੀ ਦਿੰਦਾ। ਉਹ ਵੀ ਦਰਿਆ ਵੱਲ ਦੇਖਦੇ, ਹੋਏ ਨੁਕਸਾਨ ਦਾ ਅੰਦਾਜ਼ਾ ਲਾ ਰਹੇ ਸਨ। ਉਥੇ ਹੀ ਮੈਨੂੰ ਪਤਾ ਲਗਾ ਕਿ ਸਾਡੀ ਗਾਂ 'ਲਾ ਸਰਪਨਤੀਨਾ' ਜੋ ਭਾਈਏ ਨੇ ਤਾਸ਼ਾ ਨੂੰ ਉਸ ਦੇ ਜਨਮ ਦਿਨ ਤੇ ਦਿਤੀ ਸੀ ਦਰਿਆ ਹੜਾ ਕੇ ਲੈ ਗਿਆ ਸੀ। 'ਲਾ ਸਰਪਨਤੀਨਾ' ਦਾ ਇਕ ਕੰਨ ਚਿੱਟਾ ਸੀ ਤੇ ਦੂਜਾ ਲਾਲ ਅਤੇ ਉਸ ਦੀਆਂ ਅੱਖਾਂ ਬਹੁਤ ਸੋਹਣੀਆਂ ਸਨ।

ਮੈਨੂੰ ਸਮਝ ਨਹੀਂ ਪੈਂਦੀ ਕਿ ਉਹਨੇ ਦਰਿਆ ਪਾਰ ਕਰਨ ਦੀ ਕਾਹਤੋਂ ਸੋਚੀ ਜਦ ਕਿ ਉਹਨੂੰ ਪਤਾ ਤਾਂ ਹੋਣਾ ਪਈ ਇਹ ਪਹਿਲਾਂ ਵਾਲਾ ਦਰਿਆ ਨਹੀਂ ਸੀ। ਲਾ ਸਰਪਨਤੀਨਾ ਇੰਨੀ ਕਾਹਲੀ ਤਾਂ ਨਹੀਂ ਸੀ। ਉਹ ਸੁਤੀਓ ਈ ਤੁਰ ਪਈ ਹੋਣੀ ਆ ਤਾਂ ਹੀ ਤੇ ਉਹਨੇ ਬਿਨਾਂ ਕਿਸੇ ਗੱਲਬਾਤ ਤੋਂ ਆਪਣੇ ਆਪ ਨੂੰ ਡੁੱਬਣ ਦੇ ਦਿਤਾ ਹੋਣਾ ਆ। ਜਦੋਂ ਮੈਂ ਸਵੇਰ ਨੂੰ ਤਬੇਲੇ ਦਾ ਦਰਵਾਜਾ ਖੋਲਦਾ ਹੁੰਦਾ ਸੀ ਤਾਂ ਉਹਨੂੰ ਬਾਹਰ ਕੱਢਣ ਲਈ ਜਗਾਉਣਾ ਪੈਂਦਾ ਸੀ। ਜੇ ਮੈਂ ਉਹਨੂੰ ਨਾ ਜਗਾਉਂਦਾ ਤਾਂ ਉਹ ਅੱਖਾਂ ਮੀਟ ਕੇ ਸਾਰੀ ਦਿਹਾੜੀ ਉਥੇ ਹੀ ਖੜੀ ਰਹਿੰਦੀ, ਵੱਡੇ ਵੱਡੇ ਸਾਹ ਲੈਂਦੀ ਜਿਵੇਂ ਸੁੱਤੀਆਂ ਪਈਆਂ ਗਾਈਆਂ ਅਕਸਰ ਕਰਦੀਆਂ ਹਨ।

ਤਾਂ ਫੇਰ ਇਦਾਂ ਈ ਹੋਈ ਹੋਣੀ ਕਿ ਉਹ ਜ਼ਰੂਰ ਸੁਤੀ ਪਈ ਹਊ। ਜਦੋਂ ਪਾਣੀ ਉਹਦੀਆਂ ਵੱਖੀਆਂ ਤੇ ਆ ਆ ਕੇ ਵਜਾ ਹਊ ਤਾਂ ਖਬਰੇ ਉਹਨੂੰ ਜਾਗਣ ਦਾ ਖਿਆਲ ਆਇਆ ਹਊ। ਉਹ ਡਰ ਗਈ ਹੋਣੀ ਆ ਤੇ ਉਸਨੇ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਹੋਣੀ ਆ। ਪਰ ਪਾਣੀ ਨੇ ਉਹਨੂੰ ਸੁੱਟ ਕੇ ਉਲਟਾ-ਪਲਟਾ ਦਿਤਾ ਹੋਣਾ ਆ। ਉਹ ਮੱਦਦ ਲਈ ਅੜਿੰਗੀ ਤਾਂ ਜ਼ਰੂਰ ਹਊ। ਉਹ ਅੜਿੰਗਦੀ ਤਾ ਇੰਨਾ ਸੀ ਕਿ ਰੱਬ ਈ ਜਾਣਦਾ ਸੀ।

ਸਾਨੂੰ ਉਹ ਆਦਮੀ ਮਿਲ ਗਿਆ ਜਿਹਨੇ ਉਹਨੂੰ ਹੜੀ ਜਾਂਦੀ ਨੂੰ ਦੇਖਿਆ ਸੀ। ਮੈਂ ਉਹਨੂੰ ਪੁਛਿਆ ਕਿ ਉਹਦੇ ਨਾਲ ਵੱਛੀ ਵੀ ਸੀ ਕਿ ਨਹੀਂ? ਉਹ ਕਹਿਣ ਲੱਗਾ ਉਹਨੂੰ ਯਾਦ ਨਹੀਂ, ਉਹਨੂੰ ਤਾਂ ਸਿਰਫ ਇੰਨਾ ਹੀ ਯਾਦ ਹੈ ਕਿ ਉਹਨੇ ਇਕ ਡੱਬ ਖੜੱਬੀ ਗਾਂ ਦੇਖੀ ਸੀ ਜਿਹਦੇ ਖੁਰ ਪਾਣੀ ਚੋਂ ਉਪਰ ਵੱਲ ਨੂੰ ਸਨ ਤੇ ਜਿਹੜੀ ਉਦੋਂ ਈ ਡੁੱਬ ਗਈ ਸੀ ਤੇ ਫੇਰ ਉਹਨੇ ਨਾ ਉਹਦੇ ਖੁਰ ਨਾ ਸਿੰਗ ਤੇ ਨਾ ਹੀ ਕੁਝ ਹੋਰ ਦੇਖਿਆ ਸੀ ਉਹ ਬਾਲਣ ਲਈ ਪਾਣੀ ਵਿਚੋਂ ਛਾਪੇ ਤੇ ਛਿਟੀਆਂ ਕੱਢਦਾ ਇੰਨਾ ਰੁੱਝਾ ਹੋਇਆ ਸੀ ਕਿ ਉਹਦੇ ਕੋਲ ਉਹ ਦੇਖਣ ਦਾ ਵਕਤ ਈ ਨਹੀਂ ਸੀ ਕਿ ਗਾਂ ਮੁੜਕੇ ਉਪਰ ਆਈ ਕਿ ਨਹੀਂ।

ਹੁਣ ਸਾਨੂੰ ਪਤਾ ਨਹੀਂ ਲੱਗਦਾ ਪਈ ਵੱਛੀ ਜੀਂਦੀ ਆ ਜਾਂ ਮਾਂ ਦੇ ਮਗਰੇ ਦਰਿਆ 'ਚ ਹੜ ਗਈ। ਰੱਬ ਭਲਾ ਕਰੇ ਉਹਨਾਂ ਦੋਹਾਂ ਦਾ ਜੇ ਇਦਾਂ ਈ ਹੋਈ ਤਾਂ ਜਿਹੜੀਆਂ ਮੁਸੀਬਤੀ ਅੱਗੇ ਸਾਡੇ

ਘਰ ਉਪਰ ਟੁਟੀਆਂ ਹਨ ਉਹ ਸੱ[illegible]ਰ ਆ ਸਕਦੀਆਂ ਹਨ। ਹੁਣ ਜਦੋਂ ਕਿ ਮੇਰੀ ਭੈਣ ਤਾਸ਼ਾ ਕੋਲ ਕੁਝ ਵੀ ਬਾਕੀ ਨਹੀਂ ਬਚਿਆ। ਮੇਰੇ ਕਹਿਣ ਦਾ ਮਤਲਬ ਆ ਪਈ ਭਾਈਏ ਨੇ ਬੜੀ ਮੇਹਨਤ ਕੀਤੀ ਸੀ ਲਾ ਸਰਪਨਤੀਨਾ ਨੂੰ ਖਰੀਦਣ ਵਾਸਤੇ ਜਦੋਂ ਉਹ ਅਜੇ ਵੱਛੀ ਈ ਸੀ। ਭਾਈਆ ਚਾਹੁੰਦਾ ਸੀ ਪਈ ਉਹ ਤਾਸ਼ਾ ਨੂੰ ਦੇ ਦੇਵੇਗਾ ਤਾਂ ਕਿ ਉਹਦੇ ਕੋਲ ਥੋੜ੍ਹੀ ਜਿੰਨੀ ਪੂੰਜੀ ਹੋ ਜਾਵੇਗੀ। ਤੇ ਫੇਰ ਉਹ ਦੂਜੀਆਂ ਦੋ ਭੈਣਾਂ ਵਾਂਗ ਵੱਡੀ ਹੋ ਕੇ ਵੇਸਵਾ ਨਾ ਬਣੇਗੀ।

ਮੇਰੇ ਭਾਈਏ ਦਾ ਖਿਆਲ ਆ ਪਈ ਕੁੜੀਆਂ ਸਾਡੀ ਗਰੀਬੀ ਕਰਕੇ ਖਰਾਬ ਹੋਈਆਂ ਸਨ। ਉਹ ਮੇਹਨਤੀ ਨਹੀਂ ਸਨ। ਨਿਕੀਆਂ ਹੁੰਦੀਆਂ ਹੀ ਉਹ ਤਾਂ ਸੱਭ ਕਾਸੇ ਤੋਂ ਖਿੱਝਣ ਲੱਗ ਪਈਆਂ ਸਨ। ਜਦੋਂ ਉਹ ਥੋੜੀਆਂ ਜਿਹੀਆਂ ਜਵਾਨ ਹੋਈਆਂ ਤਾਂ ਹਰ ਕਿਸਮ ਦੀ ਬੁਰਾਈ ਸਿਖਦੀਆਂ ਉਹ ਮਾੜੇ ਤੋਂ ਮਾੜੇ ਆਦਮੀਆਂ ਨਾਲ ਘੁੰਮਣ ਫਿਰਨ ਲਗ ਪਈਆਂ ਸਨ। ਸੱਭ ਕੁਝ ਉਹਨਾਂ ਨੇ ਸਿਖਿਆ ਵੀ ਬਹੁਤ ਛੇਤੀ। ਆਦਮੀਆਂ ਦੀਆਂ ਪੋਲੀਆਂ ਪੋਲੀਆਂ ਸੀਟੀਆਂ ਉਹ ਝੱਟ ਸਮਝ ਜਾਂਦੀਆਂ ਜਦੋਂ ਉਹ ਅੱਧੀ ਰਾਤ ਨੂੰ ਘਰ ਦੇ ਬਾਹਰ ਖੜੇ ਉਹਨਾਂ ਨੂੰ ਬੁਲਾਉਂਦੇ। ਫੇਰ ਤਾਂ ਉਹ ਦਿਨੇ ਵੀ ਉਹਨਾਂ ਨਾਲ ਜਾਣ ਲੱਗ ਪਈਆਂ। ਉਹ ਘੜੀ ਘੜੀ ਦਰਿਆ ਨੂੰ ਪਾਣੀ ਲੈਣ ਤੁਰੀਆਂ ਰਹਿੰਦੀਆਂ। ਕਦੀ ਕਦੀ ਤਾਂ ਤਬੇਲੇ ਦੇ ਅੰਦਰ ਹੀ ਨੰਗੀਆਂ ਹੋਈਆਂ ਆਦਮੀਆਂ ਨਾਲ ਪਲਸੇਟੇ ਖਾਂਦੀਆਂ ਰਹਿੰਦੀਆਂ।

ਆਖਰਕਾਰ ਮੇਰੇ ਭਾਈਏ ਨੇ ਉਹਨਾਂ ਨੂੰ ਘਰੋਂ ਕੱਢ ਦਿਤਾ। ਜਿੰਨਾਂ ਚਿਰ ਉਹ ਸਹਿ ਸਕਿਆ ਸਹਿੰਦਾ ਰਿਹਾ ਤੇ ਫੇਰ ਉਹ ਉਹਨਾਂ ਨੂੰ ਘਰੋਂ ਦੋੜਾ ਕੇ ਗਲੀ ਤੋਂ ਪਰਾਂਹ ਛੱਡ ਆਇਆ। ਉਹ "ਅਉਟਲ" ਜਾਂ ਹੋਰ ਕਿਤੇ ਚਲੇ ਗਈਆਂ। ਮੈਨੂੰ ਪੱਕਾ ਪਤਾ ਨਹੀਂ ਕਿਥੇ ਪਰ ਇੰਨਾਂ ਜਰੂਰ ਪਤਾ ਹੈ ਕਿ ਉਹ ਖਰਾਬ ਹੋ ਗਈਆਂ ਸਨ।

ਇਸੇ ਕਰਕੇ ਮੇਰਾ ਭਾਈਆ ਤਾਸ਼ਾ ਬਾਰੇ ਇੰਨਾ ਫਿਕਰਮੰਦ ਹੈ। ਉਹ ਨਹੀਂ ਚਾਹੁੰਦਾ ਕਿ ਉਹ ਵੀ ਦੂਜੀਆਂ ਭੈਣਾਂ ਵਾਂਗ ਹੀ ਨਿਕਲੇ। ਉਹ ਚਾਹੁੰਦਾ ਹੈ ਕਿ ਉਹ ਵਡੀ ਹੋ ਕੇ ਇਜਤਦਾਰ ਬਣੇ ਤੇ ਕਿਸੇ ਚੰਗੇ ਆਦਮੀ ਨਾਲ ਵਿਆਹ ਕਰਾਵੇ। ਉਹਦੇ ਜਵਾਨ ਹੋਣ ਤਕ ਲਾ ਸਪਰਨਤੀਨਾ ਉਹਦੀ ਸੁਰੱਖਿਆ ਹੋਣੀ ਸੀ। ਗਾਂ ਦੀ ਮਾਲਕ ਹੋਣ ਕਰਕੇ ਤਾਸ਼ਾ ਨੇ ਆਪਣੀ ਗਰੀਬੀ ਬਾਰੇ ਨਹੀਂ ਸੀ ਸੋਚਣਾ। ਹੁਣ ਤਾਂ ਬੜੀ ਮੁਸ਼ਕਲ ਬਣੂੰ। ਕੋਈ ਜਾਣਾ ਵੀ ਉਹਦੇ ਨਾਲ ਵਿਆਹ ਕਰਾਉਣ ਦਾ ਹੋਸਲਾ ਕਰ ਸਕਦਾ ਸੀ। ਭਾਵੇਂ ਸਿਰਫ ਗਾਂ ਲੈਣ ਲਈ ਹੀ।

ਹੁਣ ਤਾਂ ਇਹੀ ਆਸ ਰੱਖੀ ਜਾ ਸਕਦੀ ਹੈ ਕਿ ਵੱਛੀ ਜਿਉਂਦੀ ਹੋਵੇ। ਮਿੰਨਤ ਨਾਲ ਈ ਰੱਬਾ ਉਹ ਆਪਣੀ ਮਾਂ ਮਗਰ ਦਰਿਆ ਵਿਚ ਨਾ ਗਈ ਹੋਵੇ। ਕਿਉਂਕਿ ਜੇ ਉਹ ਹੜ ਗਈ ਹੋਈ ਤਾਂ ਮੇਰੀ ਭੈਣ ਤਾਸ਼ਾ ਨੇ ਤਾਂ ਬੜੀ ਛੇਤੀ ਖਰਾਬ ਹੋ ਜਾਣਾ ਹੈ ਅਤੇ ਮੇਰੀ ਮਾਂ ਇਹ ਨਹੀਂ ਚਾਹੁੰਦੀ।

ਮੇਰੀ ਮਾਂ ਕਹਿੰਦੀ ਹੈ ਕਿ ਪਤਾ ਨਹੀਂ ਇਹੋ ਜਿਹੀਆਂ ਕੁੜੀਆਂ ਦੇ ਕੇ ਰੱਬ ਨੇ ਉਹਨੂੰ ਕਾਹਦੀ ਸਜ਼ਾ ਦਿਤੀ ਹੈ। ਉਹਦੀ ਨਾਨੀ ਤੋਂ ਲੈ ਕੇ ਹੁਣ ਤਕ ਉਹਨਾਂ ਦੇ ਟੱਬਰ ਵਿਚ ਕੋਈ ਵੀ ਭੈੜੀ ਔਰਤ ਨਹੀਂ ਸੀ। ਸ਼ੁਰੂ ਤੋਂ ਹੀ ਸਾਰੀਆਂ ਔਰਤਾਂ ਨੂੰ ਰੱਬ ਤੋਂ ਡਰਨਾ ਇੱਜਤ ਕਰਨੀ ਤੇ ਕਹਿਣੇਕਾਰ ਹੋਣਾ ਸਿਖਾਇਆ ਗਿਆ ਸੀ। ਉਹ ਕਈ ਵਾਰੀ ਚੇਤੇ [illegible]ਰਨ ਦੀ ਕੋਸ਼ਿਸ਼ ਕਰਦੀ ਹੈ ਕਿ ਉਹਨੇ ਕਿਹੜਾ ਪਾਪ ਕੀਤਾ ਸੀ ਜਿਹਦੇ ਬਦਲੇ ਉਹਨੂੰ ਇਕ ਤੋਂ ਬਾਅਦ ਦੂਸਰੀ ਵੇਸਵਾ ਨੂੰ ਜਨਮ ਦੇਣਾ ਪਿਆ। ਪਰ ਉਹਨੂੰ ਕਦੀ ਕਿਸੇ ਕੀਤੇ ਪਾਪ ਜਾ ਬੁਰਾਈ ਦਾ ਚੇਤਾ ਨਾ ਆਉਂਦਾ। ਜਦੋਂ ਵੀ ਉਹ ਉਹਨਾਂ ਦੋਹਾਂ ਬਾਰੇ ਸੋਚਦੀ ਹੈ ਤਾਂ ਹਰ ਵਾਰ ਰੋਂਦੀ ਹੈ ਅਤੇ ਕਹਿੰਦੀ ਹੈ "ਰੱਬ ਉਹਨਾਂ ਦਾ ਭਲਾ ਕਰੇ"।

ਪਰ ਭਾਈਆ ਕਹਿੰਦਾ ਹੈ ਪਈ ਉਹਨਾਂ ਬਾਰੇ ਸੋਚਣਾਂ ਫਜ਼ੂਲ ਹੈ। ਉਹ ਤਾਂ ਬਸ ਸੀਗੀਆਂ ਹੀ ਮਾੜੀਆਂ। ਸਾਨੂੰ ਤਾਂ ਤਾਸ਼ਾ ਬਾਰੇ ਫਿਕਰ ਕਰਨਾ ਚਾਹੀਦਾ ਹੈ। ਉਹ ਬਹੁਤ ਛੇਤੀ ਜਵਾਨ ਹੋ ਰਹੀ ਹੈ। ਉਹਦੀਆਂ ਛਾਤੀਆਂ ਭੈਣਾਂ ਵਰਗੀਆਂ ਲੱਗਣ ਲੱਗ ਪਈਆਂ ਹਨ ਬਾਹਰ ਨੂੰ ਵਧੀਆਂ ਹੋਈਆਂ ਤਿੱਖੀਆਂ ਤੇ ਨੁਹਾਰੇ ਜਾਣ ਲਈ ਕਾਹਲੀਆਂ।

" " ਭਾਈਆ ਕਹਿੰਦਾ ਹੈ "ਜਿਹੜਾ ਵੀ ਉਹਦੀ ਵੱਲ ਦੇਖਦਾ ਹੈ ਉਹਨੂੰ ਉਹ ਭਰਵੀਂ ਨਿਗਾਹ ਨਾਲ ਦੇਖਦੀ ਹੈ। ਉਡੀਕ ਸਹੀ ਉਹ ਵੀ ਦੂਜੀਆਂ ਵਾਂਗ ਹੀ ਚੰਦ ਚੜ੍ਹਾਏਗੀ।" ਇਸ ਕਰ ਕੇ ਤਾਸ਼ਾ ਹੁਣ ਭਾਈਏ ਦਾ ਸਭ ਤੋਂ ਵੱਡਾ ਫਿਕਰ ਹੈ।

ਤਾਸ਼ਾ ਹੁਣ ਰੋਂਦੀ ਹੈ। ਉਹਨੂੰ ਪਤਾ ਹੈ ਕਿ ਦਰਿਆ ਨੇ ਲਾ ਸਰਪਨਤੀਨਾ ਨੂੰ ਮਾਰਿਆ ਹੈ। ਇਥੇ ਮੇਰੇ ਨਾਲ ਈ ਬੈਠੀ ਆ ਆਪਣੀ ਗੁਲਾਬ ਰੰਗੀ ਡਰੈਸ ਪਾਈ। ਦਰਿਆ ਵੱਲ ਦੇਖ ਰਹੀ ਹੈ ਅਤੇ ਆਪਣੀ ਗਾਂ ਲਈ ਰੋਂਦੀ ਹੈ। ਉਹਦੇ ਮੂੰਹ ਤੇ ਗੰਦੇ ਪਾਣੀ ਦੀਆਂ ਛੋਟੀਆਂ ਛੋਟੀਆਂ ਨਦੀਆਂ ਥੱਲੇ ਨੂੰ ਵਹਿ ਰਹੀਆਂ ਹਨ। ਦੇਖ ਕੇ ਤੁਸੀਂ ਸੋਚੋਗੇ ਕਿ ਜਿਵੇਂ ਦਰਿਆ ਉਹਦੇ ਆਪਣੇ ਅੰਦਰ ਵਗਦਾ ਹੋਵੇ।

ਮੈਂ ਉਹਦੇ ਦੁਆਲੇ ਬਾਂਹ ਵੱਲ ਕੇ ਉਹਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕਰਦਾ ਹਾਂ ਪਰ ਉਹ ਸਮਝਦੀ ਨਹੀਂ। ਬਸ ਜੋਰ ਜੋਰ ਨਾਲ ਰੋਈ ਜਾਂਦੀ ਹੈ। ਉਹਦੇ ਹਟਕੋਰਿਆਂ ਦੀ ਆਵਾਜ਼ ਦਰਿਆ ਦੇ ਕੰਢਿਆਂ ਤੇ ਜੋਰ ਜੋਰ ਨਾਲ ਵਜਦੇ ਪਾਣੀ ਵਰਗੀ ਹੈ। ਹੁਣ ਉਹ ਸਾਰੀ ਦੀ ਸਾਰੀ ਕੰਬ ਰਹੀ ਹੈ। ਹੜ੍ਹ ਵਧ ਰਿਹਾ ਹੈ ਅਤੇ ਦਰਿਆ ਦੇ ਗੰਦੇ ਪਾਣੀ ਦੇ ਛਿੱਟੇ ਉਹਦੇ ਮੂੰਹ ਤੇ ਵਜਦੇ ਹਨ। ਉਹ ਜਦੋਂ ਹਟਕੋਰੇ ਲੈਂਦੀ ਹੈ ਤਾਂ ਉਹਦੀਆਂ ਨਿੱਕੀਆਂ ਨਿੱਕੀਆਂ ਦੋਧੀਆਂ ਉਪਰ ਥੱਲੇ ਹੁੰਦੀਆਂ ਹਨ ਜਿਦਾਂ ਉਹਨਾਂ ਨੇ ਬਾਹਰ ਨੂੰ ਫੈਸਲਾ ਸ਼ੁਰੂ ਕਰ ਦਿਤਾ ਹੋਵੇ ਉਹਨੂੰ ਤਬਾਹ ਕਰਨ ਲਈ।

ਅਨੁਵਾਦ : ਸਾਧੂ

ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING

BHARTI ART JEWELLERS

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

ਗੁਫਤਗੂ:—

# ਲੁਧਿਆਣੇ ਦੇ ਮਜ਼ਦੂਰਾਂ ਨਾਲ

[ਲੁਧਿਆਣੇ ਦੇ ਮਜ਼ਦੂਰਾਂ, ਜਿਨ੍ਹਾਂ ਦੀ ਗਿਣਤੀ ਦੋ ਲੱਖ ਤੋਂ ਵੱਧ ਦੱਸੀ ਜਾਂਦੀ ਹੈ, ਵਿਚੋਂ ਘਟੋ ਘੱਟ ਅੱਧੇ ਮਜ਼ਦੂਰ ਬਾਹਰਲੇ ਸੂਬਿਆਂ ਤੋਂ ਆਏ ਹਨ। ਇਨ੍ਹਾਂ ਦਾ ਵੱਡਾ ਹਿੱਸਾ ਯੂ. ਪੀ. ਦੇ ਮਜ਼ਦੂਰਾਂ ਦਾ ਹੈ। ਅਤੇ ਇਹ ਸਭ ਨਾਲੋਂ ਘੱਟ ਤਨਖਾਹਾਂ ਵਾਲੇ ਤੇ ਸਭ ਤੋਂ ਵੱਧ ਦਬਾਏ ਹੋਏ ਹਨ। ਅਸੀਂ ਜਿਨ੍ਹਾਂ ਨਾਲ ਗੱਲ-ਬਾਤ ਕੀਤੀ ਉਹ ਸਾਰੇ ਦੇ ਸਾਰੇ ਯੂ. ਪੀ. ਦੇ ਮਜ਼ਦੂਰ ਹਨ ਅਤੇ ਸਟੀਲ ਇੰਡਸਟਰੀ 'ਚ ਕੰਮ ਕਰਦੇ ਹਨ। ਬਹੁਤਿਆਂ ਦੀ ਉਮਰ 25 ਸਾਲ ਦੇ ਕਰੀਬ ਅਤੇ ਇਕ ਦੀ 42 ਸਾਲ ਹੈ। ਇਹ ਇੰਟਰਵੀਊ ਉਹਨਾਂ ਦੇ 'ਵਿਹੜੇ' ਵਿਚ ਕੀਤੀ ਗਈ। ਵਿਹੜਾ, ਜੋ ਇਕ ਲਾਈਨ ਵਿਚ, ਬਿਨਾਂ ਤਖਤਿਆਂ ਤੋਂ ਖਿੜਕੀਆਂ ਵਾਲੇ 17 ਛੋਟੇ ਛੋਟੇ ਖੁੱਡਿਆਂ ਵਰਗੇ ਕਮਰਿਆਂ ਵਾਲਾ ਮਕਾਨ ਹੈ। ਇਕ ਨਲਕਾ ਹੈ। ਕੋਈ ਟੱਟੀਖਾਨਾ ਨਹੀਂ ਅਤੇ ਇਸ ਵਿਚ 16-17 ਸਾਲ ਤੋਂ ਲੇ ਕੇ 50 ਸਾਲ ਤਕ ਦੇ ਕਰੀਬ 150 ਮਜ਼ਦੂਰ ਰਹਿੰਦੇ।

ਇਕ ਹੋਰ ਗੱਲ ਇਹ ਕਿ ਇਸ ਮਜ਼ਦੂਰ ਵਿਹੜੇ ਵਿਚ ਇਕ ਮਜ਼ਦੂਰ ਯੂਨੀਅਨ ਦਾ ਕੁਝ ਪਰਭਾਵ ਹੈ ਅਤੇ ਉਹਨਾਂ ਨੂੰ ਯੂਨੀਅਨ ਦਾ ਕੁਝ ਪਾਹ ਚੜ੍ਹਿਆ ਹੋਇਆ ਹੈ। ਸੋ ਜਥੇਬੰਦ ਹੋਣ ਦੀ ਲੋੜ ਦਾ ਅਹਿਸਾਸ ਆਮ ਮਜ਼ਦੂਰਾਂ ਦੀ ਵੱਡੀ ਗਿਣਤੀ ਨੂੰ ਇਹਨਾਂ ਨਾਲੋਂ ਘੱਟ ਹੈ।

ਕਿਉਂਕਿ ਉਹਨਾਂ ਨਾਲ ਪੰਜਾਬੀ ਵਿਚ ਗੱਲਬਾਤ ਨਹੀਂ ਹੋ ਸਕਦੀ ਸੀ ਇਸ ਲਈ ਉਹਨਾਂ ਦੀ ਜ਼ਬਾਨ ਵਿਚ ਹੀ ਗੱਲਾਂ ਕੀਤੀਆਂ ਗਈਆਂ। ਇਸ ਆਸ ਨਾਲ ਕਿ 'ਜੇਕਾਰੇ' ਦੇ ਪਾਠਕਾਂ ਨੂੰ ਪੜ੍ਹਨ ਸਮਝਣ ਵਿਚ ਦਿੱਕਤ ਨਹੀਂ ਆਵੇਗੀ, ਇਹ ਉਸੇ ਤਰ੍ਹਾਂ ਹਾਜ਼ਰ ਹੈ। —ਪੱਤਰਕਾਰ]

**ਪੱਤਰਕਾਰ**:—ਹਮ ਪੰਜਾਬੀ ਕੇ ਏਕ ਪੰਦਰਹ ਰੋਜ਼ਾ ਅਖਬਾਰ ਜੈਕਾਰਾ ਕੀ ਤਰਫ਼ ਸੇ ਆਪ ਕੇ ਬਾਰੇ ਮੇਂ ਕੁਛ ਬਾਤੇਂ ਕਰਨੇ ਆਏ ਹੈਂ ਔਰ ਹਮ ਇਸੇ ਪਹਿਲੀ ਮਈ (ਮਜ਼ਦੂਰ ਦਿਵਸ) ਕੇ ਅੰਕ ਮੇਂ ਛਾਪੇਂਗੇ। ਕਿਆ ਆਪ ਨੇ ਕਭੀ ਜੈਕਾਰਾ ਪੜ੍ਹਾ ਹੈ ਯਾ ਇਸਕੇ ਬਾਰੇ ਮੇਂ ਸੁਨਾ ਹੈ?

**ਮਜ਼ਦੂਰ**:—ਜੀ ਕਭੀ ਨਹੀਂ ਔਰ ਪੰਜਾਬੀ ਤੋ ਹਮ ਪੜ੍ਹਨਾ ਹੀ ਨਹੀਂ ਜਾਨਤੇ। (ਇਹ ਜਵਾਬ ਸਾਰਿਆਂ ਦਾ ਸੀ, ਇਕ ਤੋਂ ਇਲਾਵਾ, ਜਿਸ ਦੀ ਬੋਲੀ 'ਚ ਪੰਜਾਬੀ ਦਾ ਰਲਾ ਸੀ। ਉਸ ਨੇ ਕਿਹਾ "ਸੁਣਿਆ ਤੋ ਹੈ ਇਸ ਮੇਂ ਰਾਧੇ ਰਮਨ ਕੇ ਕਤਲ ਬਾਰੇ ਲਿਖਿਆ ਸੀ"।)

**ਪੱ**:—ਅੱਛਾ ਯਹ ਬਤਾਓ ਆਪ ਕੋ ਅਪਨਾ ਗਾਂਵ ਛੋੜ ਕਰ ਯਹਾਂ ਕਿਉਂ ਆਨਾ ਪੜਾ?

**ਮ**:—ਉਧਰ ਕੁਛ ਮਜਬੂਰੀ ਥੀ।

**ਪੱ**:—ਕੈਸੀ ਮਜਬੂਰੀ ਥੀ ਵਹਾਂ?

**ਮ**:—(ਇਕ ਜਣਾ)—ਜੀ ਹਮ ਘਰ ਸੇ ਨਿਕਲੇ ਥੇ ਘਰ ਕੀ ਕੁਛ ਹਾਲਤ ਠੀਕ ਕਰਨੇ ਕੇ ਲੀਏ। (ਦੂਸਰਾ)—ਜੋ ਭੀ ਯਹਾਂ ਆਏ ਹੈਂ ਉਨ ਕੀ ਸਭ ਕੀ ਜ਼ਮੀਨ ਕਮ ਹੈ, ਕਿਸੀ ਕੇ ਪਾਸ ਦੋ ਬੀਘਾ ਕਿਸੀ ਕੇ ਪਾਸ ਤੀਨ ਬੀਘਾ। ਕਈ ਲੋਗੋਂ ਕੇ ਪਾਸ ਬਿਲਕੁਲ ਨਹੀਂ। ਬੰਦੇ ਜ਼ਿਆਦਾ ਹੈ। ਉਸ ਮੇਂ ਗੁਜ਼ਾਰਾ ਨਹੀਂ ਚਲਤਾ।

**ਪੱ**:—ਉਧਰ ਹੀ ਮਜ਼ਦੂਰੀ ਕਿਉਂ ਨਹੀਂ ਕੀਆ?

**ਮ**:—ਵਹਾਂ ਰੁਜ਼ਗਾਰ ਕਹਾਂ ਹੈ। ਦੋ ਰੁਪੈ ਦਿਹਾੜੀ ਥੀ ਤੀਨ ਚਾਰ ਸਾਲ ਪਹਲੇ ਅਬ ਤੀਨ-ਚਾਰ ਰੁਪੈ ਹੈ। ਵੋਹ ਭੀ ਕਮ ਦਿਨ।

**ਪੱ**:—ਉਧਰ ਜ਼ਮੀਨ ਆਪ ਲੋਗੋਂ ਕੇ ਪਾਸ ਹੀ ਕਮ ਹੈ ਯਾ ਸਭੀ ਕੇ ਪਾਸ (ਕਮ ਹੈ)?

**ਮ**:—ਨਹੀਂ, ਕੁਛ ਬੰਦਿਆਂ ਕੇ ਪਾਸ ਜਮੀਨ ਬਹੁਤ ਵੱਧ ਹੈ।

**ਪੱ**:—ਕਮ ਜਮੀਨ ਵਾਲੇ ਯਾ ਬਿਨਾਂ ਜਮੀਨ ਕੇ ਲੋਗ ਕਿਆ ਕਿਸੀ ਖਾਸ ਜ਼ਾਤ ਕੇ ਹੈ ਉਧਰ?

**ਮੇਂ**:—ਵੈਸੇ ਤੋ ਸਭੀ ਲੋਗੋਂ ਮੇਂ ਕਮ ਯਾ ਜ਼ਿਆਦਾ ਜਮੀਨ ਵਾਲੇ ਮਿਲ ਸਕਤੇਂ ਹੈਂ ਮਗਰ ਹਮ ਸਭੀ ਪਛੜੀ ਜਾਤੀ ਕੇ ਹੈਂ। ਸਿਰਫ਼ ਏਕ ਦੋ ਹੀ ਯਾਦਵ (ਉੱਚੀ ਜਾਤ ਵਾਲੇ ਕਹੇ ਜਾਂਦੇ) ਹੈਂ।

**ਪੱ**:—ਫਿਰ ਕਿਆ ਆਪ ਜਾਤ ਪਾਤ ਕਾ, ਊਚ-ਨੀਚ ਕਾ ਖਿਆਲ ਰਖਤੇ ਹੈਂ?

**ਮ**:—ਜੀ ਹਾਂ, ਵਹਾਂ (ਗਾਂਵ ਮੇਂ) ਤੋ ਬਹੁਤ ਰਖਤੇ ਹੈਂ। ਨੀਚੀ ਜਾਤ ਵਾਲੇ ਕੋ ਬਰਤਨ ਨਹੀਂ ਛੂਨੇ ਦੇਤੇ, ਇਕੱਠੇ ਖਾਤੇ ਨਹੀਂ, ਛੂਤੇ ਤਕ ਨਹੀਂ। ਮਗਰ ਯਹਾਂ ਆ ਕਰ ਕੁਛ ਕਮ ਖਿਆਲ ਕਰਤੇ ਹੈਂ ਕਿਉਂਕਿ ਯਹਾਂ ਤੋ ਹਮ ਸਭੀ ਏਕ ਹੀ ਕਾਮ ਯਾਨੀ ਫੈਕਟਰੀ ਮੇਂ ਕਾਮ ਕਰਨੇ ਵਾਲੇ ਬਨ ਗਏ ਹੈਂ। ਜ਼ਿਆਦਾ ਭੇਦ ਭਾਵ ਨਹੀਂ ਹੈ।

**ਪੱ**:—ਕਿਆ ਆਪ ਮੇਂ ਸੇ ਕੁਛ ਲੋਗ ਸਕੂਲ ਮੇਂ ਪੜ੍ਹੇ ਹੈਂ?

**ਮ**:—ਇਕ—ਹਾਂ, ਹਮ ਮੈਟਰਿਕ ਹੈਂ।

ਦੂਜਾ—ਮੈਂ ਸਾਤਵਾਂ (ਸਤ ਜਮਾਤਾਂ)

ਤੀਜਾ—ਮੈਟਰਿਕ

ਚੌਥਾ—ਮੈਂ ਨੌਵਾਂ (ਨੌਂ ਜਮਾਤਾਂ)

ਪੰਜਵਾਂ—(ਉਮਰ 42 ਸਾਲ) ਮੈਂ ਹੀ ਸਕੂਲ ਨਹੀਂ ਗਿਆ।

**ਪੱ**:—ਆਪ ਆਗੇ ਕਿਉਂ ਨਹੀਂ ਪੜ੍ਹੇ?

**ਮ**:—ਜੀ ਗਰੀਬੀ ਬਹੁਤ ਹੈ, (ਘਰ ਵਾਲੇ) ਪੜ੍ਹਾ ਨਹੀਂ ਸਕੇ।

**ਪੱ** :—ਯਹਾਂ ਆ ਕਰ ਆਪ ਕੋ [illegible] ਕੈਸੇ ਮਿਲਾ ?

**ਮ** :—(ਇਕ)—ਯਹਾਂ ਪਹਲੇ ਸੇ ਹਮਾਰੇ ਬੰਦੇ ਥੇ । ਉਨ ਕੇ ਸਾਥ ਕਾਮ ਮਿਲਾ । ਤਨਖਾਹ 85 ਰੁਪੈ । ਕੁਛ ਦੇਰ ਕਾਮ ਕਰਕੇ ਮੈਨੇ ਸੋਚਾ ਨਹੀਂ ਔਰ ਦੇਖਤੇ ਹੈਂ । ਫਿਰ ਮੈਨੇ 100 ਰੁਪੈ ਮੇਂ ਕਾਮ ਕੀਆ । ਫਿਰ ਪ੍ਰੈਸ (ਸਟੀਲ ਫੈਕਟਰੀਆਂ 'ਚ ਇਕ ਮਸ਼ੀਨ) ਕਾ ਕਾਮ ਸੀਖਾ । (ਸਾਰਿਆਂ ਦੀ ਸ਼ੁਰੂ 'ਚ ਲਗਭਗ ਇੰਨੀ ਹੀ ਤਨਖਾਹ ਸੀ ।)

**ਪੱ** :—ਕਿਆ ਸਭੀ ਏਕ ਹੀ ਫੈਕਟਰੀ ਮੇਂ ਕਾਮ ਕਰਤੇ ਹੈ ?

**ਮ** :—ਜੀ ਨਹੀਂ, ਕੋਈ ਕਹੀਂ ਕੋਈ ਕਹੀਂ ।

**ਪੱ** :—ਜਬ ਆਪ ਆਏ (ਚਾਰ ਪਾਂਚ ਸਾਲ ਪਹਿਲੇ) ਤੋ ਤਨਖਾਹ ਥੀ 85 ਰੁਪੈ । ਅਬ ਕਿਤਨੀ ਹੈ ?

**ਮ** : ਜੀ ਅਬ ਭੀ ਨਏ ਕੋ 120-130 ਕੇ ਕਰੀਬ ਮਿਲਤੇ ਹੈਂ (ਕਈ ਫੈਕਟਰੀਓਂ ਮੇਂ ਇਸ ਸੇ ਭੀ ਕਮ) ਜੋ ਪੁਰਾਨੇ, ਕਾਮ ਜਾਨਤੇ ਹੈ, ਜੈਸੇ ਹਮ, ਉਨ ਕੋ 170-190 ਕੇ ਕਰੀਬ ਮਿਲਤੇ ਹੈਂ ।

**ਪੱ** :—ਯਹ ਤੋ ਨੌਜਵਾਨ ਮਜ਼ਦੂਰੋਂ ਕੋ ਮਿਲਤਾ ਹੋਗਾ । ਕਮ ਉਮਰ ਵਾਲੋਂ ਕੋ ਕਿਆ ਮਿਲਤਾ ਹੈ ?

**ਮ** :—ਚੌਦਹ-ਪੰਦਰਹ ਸਾਲ ਵਾਲੇ ਕੋ ਆਮ ਤੌਰ ਪਰ ਯਹੀ ਕੋਈ 80-90 ਰੁਪੈ ਦੇਤੇ ਹੈਂ । ਮਗਰ ਬਹੁਤ ਫੈਕਟਰੀਓਂ ਮੇਂ ਤੋ ਨੌਜਵਾਨੋਂ ਕੋ ਭੀ ਔਰ ਜੋ ਪੁਰਾਨੇ ਭੀ ਹੈਂ 150-160 ਮਿਲਤਾ ਹੈ ।

**ਪੱ** :—ਯਹ ਜੋ ਸਰਕਾਰ ਕਾ ਕਮ-ਸੇ-ਕਮ ਤਨਖਾਹ ਕਾ ਕਨੂੰਨ ਹੈ ਜਿਸਕੇ ਮੁਤਾਬਕ ਗੈਰ-ਹੁਨਰਮੰਦ ਮਜ਼ਦੂਰ ਕੋ 225 ਰੁਪੈ, ਅਰਧ ਹੁਨਰਮੰਦ ਕੋ 285 ਔਰ ਹੁਨਰਮੰਦ ਮਜ਼ਦੂਰ ਕੋ 350 ਸੇ ਕਮ ਕਿਸੀ ਹਾਲਤ ਮੇਂ ਨਹੀਂ ਮਿਲਨਾ ਚਾਹੀਏ । ਕਿਆ ਲਾਗੂ ਨਹੀਂ ਹੈ ?

**ਮ**.—ਇੱਕ-ਦੁੱਕਾ (ਫੈਕਟਰੀ) ਮੇਂ ਲਾਗੂ ਹੈ ਵੋਹ ਭੀ 225 ਵਾਲਾ, ਸਭੀ ਕੇ ਲੀਏ, ਜੋ ਕਾਮ ਸੀਖੇ ਹੁਏ ਹੈ ਉਨਕੇ ਲੀਏ ਭੀ । 285 ਰੁਪੈ ਔਰ 350 ਰੁਪੈ ਵਾਲਾ ਤੋ ਕਿਸੀ ਮੇਂ ਭੀ ਨਹੀਂ । ਬਾਕੀ ਮਾਲਿਕ (ਫੈਕਟਰੀ ਦੇ) ਰਜਿਸਟਰ ਮੇਂ ਤੋ ਦਿਖਲਾ ਦੇਤੇ ਹੋਂਗੇ ਕਿਉਂਕਿ ਹੇਰਾਫੇਰੀ ਬਹੁਤ ਕਰਤੇ ਹੈਂ ।

**ਪੱ**:—ਆਪ ਕਾਮ ਸੀਖੇ ਹੁਏ ਹੈਂ ?

**ਮ**:—ਹਾਂ ਹਮ ਮੇਂ ਸੇ ਕੋਈ ਪ੍ਰੈਸ ਕਾ ਕਾਮ ਜਾਨਤਾ ਹੈ ਕੋਈ ਅੱਡੇ ਕਾ । ਅਗਰ ਕਿਸੀ ਕੀ ਤਨਖਾਹ 225 ਹੋ ਭੀ ਜਾਏ ਤੋ 'ਪ੍ਰੋਡੱਕਸ਼ਨ' ਬਹੁਤ ਲੇਤੇ ਹੈਂ । ਅਗਰ ਹਮ ਕਹੇਂ ਤੋ ਫਿਰ ਛੁੱਟੀ ਕਰ ਦੇਤੇ ਹੈਂ ।

**ਪੱ**: - ਜਬ ਕਾਮ ਛੂਟ ਜਾਤਾ ਹੈ ਤੋ ਕਿਸੀ ਦੂਸਰੀ ਫੈਕਟਰੀ ਮੇਂ ਕਾਮ ਪਰ ਲਗਨੇ ਕੇ ਲੀਏ ਕਿਆ ਦਿੱਕਤ ਆਤੀ ਹੈ ?

**ਮ**:—ਕਮ ਸੇ ਕਮ 15-20 ਦਿਨ ਤੋ ਫੈਕਟਰੀ ਕੇ ਗੇਟੋਂ ਪਰ ਚੱਕਰ ਲਗਾਨੇ ਹੀ ਪੜਤੇ ਹੈ । ਕਈ ਬਾਰ ਤੋ ਇਸ ਸੇ ਜਿਆਦਾ ਦੇਰ ਭੀ ਬੇਰੁਜ਼ਗਾਰ ਰਹਨਾ ਪੜਤਾ ਹੈ । ਕੁਛ ਕੋ ਤੋ (ਕਾਮ) ਮਿਲਤਾ ਭੀ ਨਹੀਂ ਉਨਹੇਂ ਵਾਪਿਸ ਗਾਂਵ ਯਾ ਕਿਸੀ ਔਰ ਜਗਹ (ਸ਼ਹਿਰ) ਕਾਮ ਢੂੰਢਨੇ ਜਾਨਾ ਪੜਤਾ ਹੈ ।

**ਪੱ**:—ਕਾਨੂੰਨ ਕੇ ਮੁਤਾਬਿਕ ਆਪ ਕੋ ਸਾਲ ਮੇਂ 22 ਛੁੱਟੀਆਂ ਮਿਲਨੀ ਚਾਹੀਏ । ਕਿਆ ਸਭੀ ਕੋ ਮਿਲਤੀ ਹੈਂ ?

**ਮ**:—ਜੀ ਛੁੱਟੀਆਂ ਤੋ ਯਹਾਂ ਕਹਾਂ ਬੜੀ ਫੈਕਟਰੀਓਂ ਮੇਂ ਮਿਲਤੀ [illegible] ਵੋਹ ਭੀ 10-15, ਕਭੀ ਵੋ ਭੀ ਨਹੀਂ । ਆਮ ਤੌਰ ਪਰ ਛੁੱਟੀਆਂ ਨਹੀਂ ਮਿਲਤੀ । **ਦੂਜਾ**—ਘਰ ਮੇਂ ਮਾਂ ਹੈ, ਬਾਪ ਹੈ, ਬੱਚੇ ਹੈਂ । ਜਬ ਕਭੀ ਘਰ ਜਾਨਾ ਹੋਤਾ ਹੈ ਮਹੀਨਾ-ਬੀਸ ਦਿਨ ਕੇ ਲੀਏ ਤੋ ਹਿਸਾਬ ਲੇਕਰ (ਭਾਵ ਨੌਕਰੀ ਛੱਡ ਕੇ) ਹੀ ਜਾਤੇ ਹੈਂ ਔਰ ਦੁਬਾਰਾ ਨਏ ਸਿਰੇ ਸੇ ਕਾਮ ਸ਼ੁਰੂ ਕਰਤੇ ਹੈਂ । ਚਾਰ ਸਾਲ ਕਾਮ ਕਰਨੇ ਕੇ ਬਾਦ ਏਕ ਬਾਰ ਗਾਂਵ ਜਾ ਆਏ, ਪਹਿਲੇ ਕੀ ਸਰਵਿਸ ਖਤਮ । **ਤੀਜਾ**—ਮੁਝੇ ਦੋ ਸਾਲ ਹੋ ਗਏ ਘਰ ਗਏ । (ਇਹੀ ਹਾਲ ਬਾਕੀਆਂ ਦਾ ਹੈ) ।

**ਪੱ**—ਕਿਆ ਆਪ ਕੋ ਦੂਸਰੇ ਕਾਨੂੰਨੀ ਹੱਕ ਜੈਸੇ—ਬੋਨਸ, ਮੈਡੀਕਲ ਸਹਾਇਤਾ, ਸਰਵਿਸ, ਗਰੈਚੁਟੀ ਆਦਿ ਮਿਲਤੇ ਹੈਂ ?

**ਮ**:—ਜੀ ਨਹੀਂ, ਪੂਰੇ ਕੇ ਪੂਰੇ (ਕਾਨੂੰਨੀ ਹੱਕ) ਤੋ ਕਿਸੀ ਫੈਕਟਰੀ ਮੇਂ ਭੀ ਨਹੀਂ ਮਿਲਤੇ । ਹਮਨੇ ਕਈ ਫੈਕਟਰੀਓਂ ਮੇਂ ਕਾਮ ਕੀਆ, ਇਸੀ ਮਕਾਨ ਮੇਂ ਰਹਨੇ ਵਾਲੇ ਕਿਤਨੇ ਹੀ ਮਜ਼ਦੂਰ ਹੈਂ । ਔਰ ਕਿਸੀ ਸੇ ਭੀ ਐਸਾ ਨਹੀਂ ਸੁਨਾ । ਸ਼ਾਇਦ ਕਹੀਂ ਇੱਕਾ-ਦੁੱਕਾ ਫੈਕਟਰੀ ਮੇਂ ਸਭੀ ਕਾਨੂੰਨੀ ਹਕ ਮਿਲਤੇ ਹੈਂ । ਔਰ ਤੋ ਔਰ ਸਭੀ ਕੀ ਹਾਜ਼ਰੀ ਭੀ ਨਹੀਂ ਲਗਾਤੀ । **ਦੂਸਰਾ**—ਯਹਾਂ ਕਹਾਂ ਕੁਛ ਫੈਕਟਰੀਓਂ ਮੇਂ ਥੋੜੇ-ਬਹੁਤ (ਕਾਨੂੰਨੀ) ਹਕ ਮਿਲਤੇ ਹੈਂ । ਵੋ ਭੀ ਜਿਆਦਾ ਐਸੀ ਫੈਕਟਰੀਓਂ ਮੇਂ ਜਹਾਂ ਮਜ਼ਦੂਰੋਂ ਨੇ ਇਕੱਠੇ ਹੋ ਕਰ ਮਾਲਕ ਸੇ ਝਗੜਾ ਕੀਆ । (ਝਗੜੇ ਤੋਂ ਉਹਨਾਂ ਦਾ ਭਾਵ ਐਜੀਟੇਸ਼ਨ ਤੋਂ ਸੀ) । **ਤੀਸਰਾ**—ਜੀ ਬੋਨਸ ਚਾਰ ਯਾ ਪਾਂਚ ਫੀ ਸਦੀ ਮਿਲਤਾ ਹੈ ਕਹੀਂ ਕਹੀਂ ਵੋ ਭੀ ਨਹੀਂ ।

**ਦੂਸਰਾ**—ਡਾਕਟਰੀ ਕਾਰਡ ਕਿਸੀ ਕਿਸੀ ਫੈਕਟਰੀ ਮੇਂ ਬਨਤਾ ਹੈ ਬਹੁਤੋਂ ਕਾ ਨਹੀਂ । ਐਕਸੀਡੈਂਟ ਹੋ ਜਾਨੇ ਪਰ ਯਾ ਬਿਮਾਰ ਪੜ ਜਾਨੇ ਪਰ ਛੁੱਟੀਆਂ ਨਹੀਂ ਮਿਲਤੀ ਔਰ ਪੈਸੇ (ਤਨਖਾਹ ਮੇਂ ਸੇ) ਕਟਤੇ ਹੈਂ । ਔਰ ਇਲਾਜ ਭੀ ਖੁਦ ਜੇਬ ਸੇ ਹੀ ਕਰਨਾ ਪੜਤਾ ਹੈ । ਕਭੀ ਕਭੀ ਮਾਲਕ ਪੱਟੀ ਕਰਵਾਨੇ ਕੇ ਲੀਏ ਕੁਛ ਪੈਸੇ ਦੇਤੇ ਹੈਂ ।

**ਤੀਸਰਾ**—ਯਹ ਦੇਖੋ ਮੇਰੀ ਉਂਗਲ ਕਟ ਗਈ (ਵੱਢੀ ਉਂਗਲ ਦਿਖਾ ਕੇ) ਪਾਂਚ ਮਹੀਨੇ ਲਗੇ ਉਂਗਲ ਠੀਕ ਹੋਨੇ ਕੋ । ਤਨਖਾਹ ਕਟੀ ਔਰ ਇਲਾਜ ਵੀ ਜੇਬ ਸੇ ਕੀਆ ।

**ਪਹਿਲਾ**—ਮੇਰਾ ਹਾਥ ਸੜ ਗਿਆ ਥਾ (ਹੱਥ ਦਿਖਾਉਂਦਾ ਹੋਇਆ) ਮੁਝੇ ਦਸ ਰੁਪਏ ਮਿਲੇ, ਖਰਚ ਆਏ ਥੇ 15 ਰੁਪਏ 85 ਪੈਸੇ । ਦਿਹਾੜੀਆਂ ਅਲੱਗ ਕਟੀ । ਪਾਂਚ ਦਿਨ ਬਾਅਦ ਜਬ ਕਾਮ ਪਰ ਗਯਾ ਤੋ ਮਾਲਕ ਬੋਲਨੇ ਲਗਾ "ਕਾਮ ਨਹੀਂ ਕਰਨਾ" ? ਵੋਹ ਮੇਰੀ ਤਕਲੀਫ਼ ਕੋ ਨਹੀਂ ਸਮਝੇ ਉਪਰ ਸੇ ਮਖੋਲ ਕਰੇਂਗੇ "ਏਹ ਭਈਆ ਇਤਨੀ ਸੀ ਚੋਟ ਸੇ ਹੀ ਮਰਨੇ ਲਗਦਾ ਹੈ", ਮਾਲਕ ਸਮਝਤੇ ਹੀ ਨਹੀਂ ਹਮਾਰੀ ਤਕਲੀਫ਼ ਕੋ ।

[ਉਹਨਾਂ ਦੀ ਗੱਲਬਾਤ ਤੋਂ ਜ਼ਾਹਰ ਸੀ ਕਿ ਮਜ਼ਦੂਰ-ਲਹਿਰ ਦੇ ਚਿਰਾਂ ਤੋਂ ਜਿੱਤੇ ਅਧਿਕਾਰ, ਜਿਹਨਾਂ ਨੂੰ ਸਰਕਾਰ ਨੇ ਵੀ ਮੰਨਿਆ ਹੈ ਅਤੇ ਕਾਨੂੰਨ ਦੀ ਸ਼ਕਲ ਦਿੱਤੀ ਹੋਈ ਹੈ, ਲੁਧਿਆਣੇ ਦੀਆਂ ਬਸਤੀਆਂ, ਫੈਕਟਰੀਆਂ 'ਚ ਲਾਗੂ ਨਹੀਂ ਜਾਂ ਉਹਨਾਂ ਵਿਚੋਂ ਬਹੁਤ ਹੀ ਨਿਗੂਣਾ ਹਿੱਸਾ ਲਾਗੂ ਹੈ । ਘੱਟੋ-ਘੱਟ ਤਨਖਾਹ (ਸਰਕਾਰ ਵੱਲੋਂ ਤੈਅ ਕੀਤੀ) ਦਾ ਨਜ਼ੇਸ਼ ਕਿਤੇ ਵੀ ਨਹੀਂ ਮਿਲਦਾ ਛੁੱਟੀਆਂ ਅਣਸਤ ਹੀ

ਨਹੀਂ ਮਿਲਦੀਆਂ, ਬੋਨਸ ਮਿਲਦਾ ਹੀ ਨਹੀਂ। ਕਾਨੂੰਨ ਮੁਤਾਬਕ ਜੋ ਮਿਲਣਾ ਚਾਹੀਦਾ ਹੈ ਉਸਦਾ ਇਕ ਹਿਸਾ ਹੀ ਮਿਲਦਾ ਹੈ, ਈ. ਐੱਸ. ਆਈ. ਸਕੀਮ ਲਾਗੂ ਹੈ ਪਰ ਵਰਕਰਾਂ ਦੀ ਬਹੁਤ ਵੱਡੀ ਗਿਣਤੀ ਨੂੰ ਮੈਡੀਕਲ ਸਹਾਇਤਾ ਦਾ ਕੋਈ ਲਾਭ ਨਹੀਂ ਹੋ ਰਿਹਾ। ਡਾਕਟਰੀ ਕਾਰਡ ਬਹੁਤ ਹੀ ਘੱਟ ਫੈਕਟਰੀਆਂ ਵਿਚ ਥੋੜੇ ਵਰਕਰਾਂ ਦੇ ਬਣੇ ਹੋਏ ਹਨ) ਸਰਵਿਸ, ਗਰੈਚੁਟੀ ਆਦਿ, ਬਹੁਤੀਆਂ ਫ਼ੈਕਟਰੀਆਂ 'ਚ ਨਹੀਂ ਮਿਲਦੀ, ਇਥੋਂ ਤੱਕ ਕਿ ਮਜ਼ਦੂਰਾਂ ਦੇ ਵੱਡੇ ਹਿੱਸੇ ਦੀ ਬਕਾਇਦਾ ਫੈਕਟਰੀ ਰਜਿਸਟਰ ਤੇ ਹਾਜ਼ਰੀ ਹੀ ਨਹੀਂ ਲਾਈ ਜਾਂਦੀ। ਇਸ ਤਰ੍ਹਾਂ ਫੈਕਟਰੀ ਵਰਕਰ ਹੋਣ ਦੇ ਨਾਤੇ ਕਾਨੂੰਨੀ ਅਧਿਕਾਰਾਂ ਨੂੰ ਲੇਬਰ ਅਦਾਲਤਾਂ ਰਾਹੀਂ ਪਰਾਪਤ ਕਰਨ ਦਾ ਰਾਹ ਵੀ ਬੰਦ ਕਰ ਦਿੱਤਾ ਜਾਂਦਾ ਹੈ।)

**ਪੱ:**—ਆਪ ਫੈਕਟਰੀ ਮੇਂ ਕਿਤਨੇ ਘੰਟੇ ਕਾਮ ਕਰਤੇ ਹੈਂ ?

**ਮ:**—ਜੀ ਦਿਹਾੜੀ ਤੋ ਆਠ ਘੰਟੇ ਕੀ ਚਲਤੀ ਹੈ ਮਗਰ ਓਵਰ ਟਾਈਮ ਕਰਵਾਤੇ ਹੈਂ। ਕਈ ਫੈਕਟਰੀਓਂ ਮੇਂ ਤੋ ਦਿਹਾੜੀ 9 ਘੰਟੇ ਭੀ ਚਲਤੀ ਹੈ ਜੈਸੇ ਨਿਕਲ ਪਾਲਿਸ਼ ਕੀ ਫੈਕਟਰੀਓਂ ਮੇ (ਨਿਕਲ ਪਾਲਸ਼ ਦੀਆਂ ਫੈਕਟਰੀਆਂ ਵਿਚ ਲਗਭਗ ਇਕ ਘੰਟਾ ਭੱਠੀ ਤਪਾਉਣ ਲਈ ਲਗ ਜਾਂਦਾ ਹੈ ਮਾਲਕ ਇਸ ਦੇ ਪੈਸੇ ਨਹੀਂ ਦੇਂਦਾ।)

**ਦੂਜਾ**—ਲੇਕਿਨ ਕਈ ਮਾਲਕ ਇਸ ਮੇ ਭੀ ਘਪਲੇਬਾਜ਼ੀ ਕਰਤੇ ਹੈ ਸੁਬਹ ਦਸ ਮਿੰਟ ਪਹਿਲੇ ਘੰਟੀ ਲਗਾ ਦੀ ਦੁਪਹਿਰ ਛੁੱਟੀ ਮੇਂ ਸੇ 5, 10 ਮਿੰਟ ਕਾਟ ਲੀਏ ਔਰ ਸ਼ਾਮ ਕੋ 10 ਮਿੰਟ ਲੇਟ ਛੁੱਟੀ ਕੀ।

**ਤੀਸਰਾ** - ਜੀ ਐਸਾ ਤੋਂ ਬਹੁਤ ਮਾਲਕ ਕਰਤੇ ਹੈਂ ਔਰ ਆਧ-ਪੌਣ ਘੰਟਾ ਤੋ ਇਸੀ ਤਰਹ ਕਾਮ ਕਰਵਾ ਲੇਤੇ ਹੈਂ।

**ਪੱ**—ਓਵਰ ਟਾਈਮ ਕੇ ਕਿਤਨੇ ਪੈਸੇ ਮਿਲਤੇ ਹੈਂ ? ਕਾਨੂੰਨ ਕੇ ਮੁਤਾਬਿਕ ਤੋ ਦੁਗਨੇ ਮਿਲਨੇ ਚਾਹੀਏ।

**ਮ:**—ਜੀ ਡਬਲ ਕਹਾਂ ਸਿੰਗਲ ਭੀ ਕਈ ਬਾਰ ਤੋ ਪੂਰਾ ਨਹੀਂ ਮਿਲਤਾ ਚਾਰ ਘੰਟੇ ਕਾਮ ਕਰਕੇ ਸਾੜ੍ਹੇ ਤੀਨ ਘੰਟੇ ਕੇ ਹੀ ਪੈਸੇ ਮਿਲਤੇ ਹੈਂ। ਜਬ ਤੀਨ ਚਾਰ ਘੰਟੇ ਸੇ ਊਪਰ ਓਵਰ ਟਾਈਮ ਕਰਤੇ ਹੈਂ ਤੋ ਕਈ ਜਗਹ ਏਕ ਕਪ ਚਾਯ ਔਰ ਮੱਠੀ ਦੇਤੇ ਹੈਂ। ਇਸ ਸੇ ਕ। ਟਾਈਮ ਕਾ ਤੋ ਵੋ ਭੀ ਨਹੀਂ।

**ਦੂਜਾ**—ਕਿਸੀ ਕਿਸੀ ਫੈਕਟਰੀ ਮੇਂ ਓਵਰ ਟਾਈਮ ਸਵਾਇਆ ਮਿਲਤਾ ਹੈ ਡਬਲ ਤੋ ਕਹੀਂ ਭੀ ਨਹੀਂ (ਮਿਲਤਾ)।

**ਪੱ:**—ਔਰ ਜਬ ਬਿਜਲੀ ਬੰਦ ਹੋ ਜਾਤੀ ਹੈ ਯਾ ਕਿਸੀ ਔਰ ਨੁਕਸ ਕੇ ਕਾਰਣ ਕਾਮ ਬੰਦ ਹੋ ਜਾਤਾ ਹੈ ਤੋ ਕਿਆ ਉਸ ਟਾਈਮ ਕੀ ਤਨਖਾਹ ਮਿਲਤੀ ਹੈ ?

**ਮ:** – ਐਸੀ ਹਾਲਤ ਮੇਂ ਤਨਖਾਹ ਮੇਂ ਸੇ ਪੈਸੇ ਕਾਟ ਲੇਤੇ ਹੈਂ। ਕਈ ਬਾਰ ਤੋ ਕਈ ਕਈ ਘੰਟੇ ਬਿਜਲੀ ਕੇ ਇੰਤਜ਼ਾਰ ਮੇਂ ਫੈਕਟਰੀ ਮੇਂ ਹੀ ਰੁਕਨਾ ਪੜਤਾ ਹੈ ਤੋ ਭੀ ਉਸ ਟੈਮ ਕੇ ਪੈਸੇ ਕਾਟ ਲੇਤੇ ਹੈਂ।

**ਪੱ:**—ਆਪ ਕੀ ਫੈਕਟਰੀਓਂ ਮੇਂ ਤਾਜ਼ਾ ਹਵਾ, ਰੌਸ਼ਨੀ ਕਾ, ਗਰਮ-ਸਰਦੀ ਸੇ ਬਚਨੇ ਕਾ ਔਰ ਐਕਸੀਡੈਂਟ ਸੇ ਬਚਨੇ ਕਾ ਕੈਸਾ ਪ੍ਰਬੰਧ ਹੈ ?

**ਮ:**—ਕਹੀਂ ਕਹੀਂ ਤੋ ਫੈਕਟਰੀਓਂ ਮੇਂ ਆਪ ਦੇਖੇਂਗੇ ਕਿ ਬਾਹਰ ਕੀ ਰੌਸ਼ਨੀ ਭੀ ਨਹੀਂ ਜਾਤੀ ਔਰ ਬਿਲਡਿੰਗੇਂ ਹਵਾਦਾਰ ਭੀ ਨਹੀਂ। ਸਾਰਾ ਦਿਨ ਦਮ ਘੁਟਨੇ ਵਾਲੇ ਮਾਹੌਲ ਮੇਂ ਲੋਹੇ ਸੇ ਲੋਹਾ ਹੋਨਾ ਪੜਤਾ ਹੈ। ਗਰਮੀਓਂ ਮੇਂ ਪੰਖੇ ਔਰ ਸਰਦੀਓਂ ਮੇਂ ਹੀਟਰ/ਅੰਗੀਠੀ ਦਾ ਇੰਤਜ਼ਾਮ ਤੋ ਸ਼ਾਇਦ ਹੀ ਕਿਸੀ ਫੈਕਟਰੀ ਮੇਂ ਹੋਗਾ।

**ਦੂਜਾ**—ਕਹੀਂ ਤੋ ਮਸ਼ੀਨੇ ਸਾਥ ਸਾਥ ਬਹੁਤ ਕਮ ਜਗਹ ਪਰ ਲਗਾਈ ਹੁਈਂ ਹੈਂ ਜਿਸਸੇ ਇਧਰ ਉਧਰ ਹੋਨੇ ਮੇਂ ਭੀ ਖਤਰਾ ਰਹਿਤਾ ਹੈ। ਔਰ ਮਸ਼ੀਨ ਕੇ ਪਟੇ ਔਰ ਗਰਾਰੀ ਪਰ ਤੋ ਬਹੁਤ ਜਗਹ ਕਵਰ ਭੀ ਨਹੀਂ ਹੈ ਉਸ ਮੇਂ ਉਲਝ ਕਰ ਕਈ ਬਾਰ ਐਕਸੀਡੈਂਟ ਹੋ ਜਾਤਾ ਹੈ। ਮਾਲਿਕ ਇਸ ਕੀ ਪਰਵਾਹ ਕਮ ਕਰਤੇ ਹੈਂ। ਪੈਸਾ ਜੋ ਖਰਚਨਾ ਪੜਤਾ ਹੈ।

**ਤੀਜਾ**—ਜੀ, ਜੈਸੇ ਪ੍ਰੈੱਸ ਪਰ ਕਾਮ ਕਰਤੇ ਵਕਤ ਸਪਰਿੰਗ ਟੂਟ ਜਾਤਾ ਹੈ ਔਰ ਚੋਟ ਲਗਤੀ ਹੈ। ਦੋ ਦੋ ਸਾਲ ਸਪਰਿੰਗ ਕੀ ਚੈਕਿੰਗ ਨਹੀਂ ਕਰਤੇ ਯਾ ਥੋੜੀ ਤਰੱਕੀ ਦੇ ਕੇ ਕਾਮ ਬਹੁਤ ਜ਼ਿਆਦਾ ਲੇਤੇ ਹੈਂ ਤੋ ਜਲਦੀ ਜਲਦੀ ਮੇਂ ਭੀ ਐਕਸੀਡੈਂਟ ਹੋ ਜਾਤਾ ਹੈ।

[ਬੇਸ਼ਕ ਉਹਨਾਂ ਨੂੰ ਇਸ ਗੱਲ ਦਾ ਪੂਰਾ ਪਤਾ ਨਹੀਂ ਸੀ ਕਿ ਕਨੂੰਨ ਮੁਤਾਬਕ ਫ਼ੈਕਟਰੀ ਅੰਦਰ ਕੰਮ ਦੀਆ ਕਿਹੋ ਜਿਹੀਆਂ ਹਾਲਤਾਂ ਚਾਹੀਦੀਆਂ ਹਨ ਅਤੇ ਐਕਸੀਡੈਂਟਾਂ ਤੋਂ ਬਚਾਅ ਲਈ ਘੱਟੋ-ਘੱਟ ਕਿਹੋ ਜਿਹੇ ਪਰਬੰਧ ਹੋਣੇ ਚਾਹੀਦੇ ਹਨ। ਫਿਰ ਵੀ ਉਪਰੋਕਤ ਤੱਥ ਇਸ ਹਕੀਕਤ ਨੂੰ ਨੰਗਾ ਕਰਦੇ ਹਨ ਕਿ ਵੱਧ ਤੋਂ ਵੱਧ ਮੁਨਾਫ਼ੇ ਲਈ ਹਾਬੜੇ ਸਰਮਾਏਦਾਰ ਮਾਲਕ ਕਿਵੇਂ ਮਜ਼ਦੂਰਾਂ ਤੋਂ ਅਣਮਨੁੱਖੀ ਅਤੇ ਖ਼ਤਰੇ ਭਰੀਆਂ ਹਾਲਤਾ ਵਿਚ ਕੰਮ ਕਰਵਾਉਂਦੇ ਹਨ ਜਿਨ੍ਹਾਂ ਦੀ ਇਜਾਜ਼ਤ ਕਾਗਜ਼ਾਂ ਦਾ ਸ਼ਿੰਗਾਰ ਬਣੇ ਸਨਅਤੀ ਕਨੂੰਨ ਵੀ ਨਹੀਂ ਦਿੰਦੇ।

**ਪੱ**—ਆਪ ਨੇ ਜੋ ਬਤਾਯਾ ਉਸ ਸੇ ਜ਼ਾਹਿਰ ਹੈ ਕਿ ਆਪ ਕੋ ਕਾਨੂੰਨ ਕੇ ਮੁਤਾਬਿਕ ਭੀ ਅਧਿਕਾਰ ਨਹੀਂ ਮਿਲਤੇ। ਕਿਆ ਆਪ ਕੀ ਫ਼ੈਕਟਰੀ ਮੇਂ ਲੇਬਰ ਇਨਸਪੈਕਟਰ ਆ ਕਰ ਇਨ ਬਾਤੋਂ ਕੀ ਪੜਤਾਲ ਨਹੀਂ ਕਰਤੇ ?

**ਮ:**—ਜੀ ਆਤੇ ਹੈਂ ਵੋ ਤੋ ਮਾਲਿਕ ਸੇ ਪੈਸਾ ਵਗੈਰਾ ਲੇ ਕੇ ਚਲੇ ਜਾਤੇ ਹੈਂ। ਦਫ਼ਤਰ ਮੇਂ ਆ ਕੇ ਬੈਠਾ ਕੋਲਾ ਪੀਆ ਔਰ ਚਲੇ ਗਏ। ਲੇਬਰ ਸੇ ਤੋ ਪੂਛਤੇ ਨਹੀਂ ਤੁਮਹਾਰੀ ਕਿਆ ਹਾਲਤ ਹੈ ਕਿਆ ਤਕਲੀਫੇਂ ਹੈਂ। ਹਮ ਸੇ ਤੋ ਬਾਤ ਤਕ ਨਹੀਂ ਕਰਤੇ।

**ਪੱ:**—ਲੇਬਰ ਅਦਾਲਤ ਮੇਂ ਜਾ ਕਰ ਕਿਆ ਆਪ ਕੋ ਯਹ ਅਧਿਕਾਰ ਨਹੀਂ ਮਿਲਤੇ ?

**ਮ:**—ਜੀ ਜਬ ਕੋਈ ਅਕੇਲਾ ਮਾਲਕ ਸੇ ਕੁਛ ਮਾਂਗਤਾ ਹੈ ਯਾ ਲੇਬਰ ਅਦਾਲਤ ਮੇਂ ਜਾਨੇ ਕੀ ਬਾਤ ਕਰਤਾ ਹੈ ਤੋ ਮਾਲਿਕ ਉਸੇ ਦਬਾਤੇ ਹੈਂ ਔਰ ਫ਼ੈਕਟਰੀ ਸੇ ਨਿਕਾਲ ਦੇਤੇ ਹੈਂ। ਔਰ-ਵਹਾਂ ਭੀ ਤੋ (ਅਦਾਲਤਾਂ ਵਿਚ) ਸਰਮਾਏਦਾਰੋਂ ਕੀ ਤਰਫ਼ਦਾਰੀ ਹੋਤੀ ਹੈ। ਮਗਰ ਜਬ ਵਰਕਰ ਇਕੱਠੇ ਹੋਤੇ ਹੈ ਔਰ ਯੂਨੀਅਨ ਵਾਲੇ ਵਹਾਂ ਜਾ ਕਰ ਹਮਾਰਾ ਪਕਸ਼ ਲੇਤੇ ਹੈਂ ਤੋ ਉਨ ਕੋ ਭੀ ਕੁਛ ਨਾ ਕੁਛ ਤੋ ਕਰਨਾ ਹੀ ਪੜਤਾ ਹੈ। ਲੇਕਿਨ ਯਹ ਅਦਾਲਤੋਂ ਕਾ ਚੱਕਰ ਹੈ ਬਹੁਤ ਲੰਬਾ। ਮਾਲਿਕ ਨੇ ਫੈਕਟਰੀ ਸੇ ਨਿਕਾਲ ਦੀਆ, ਬੋਨਸ, ਛੁੱਟੀਆਂ ਨਹੀਂ ਦੀ ਤੋ ਇਨਸਾਫ਼ ਕੇ ਲੀਏ ਤੀਨ-ਚਾਰ ਸਾਲ ਮੁਕਦਮਾ ਲੜੋ। ਕਈ ਬਾਰ ਤੋ ਸਾਤ-ਆਠ ਸਾਲ ਔਰ ਇਸ ਸੇ ਭੀ ਦੇਰ ਸੇ ਫੈਸਲਾ ਹੋਤਾ ਹੈ। ਅਗਰ ਕੇਸ ਜੀਤ ਗਏ ਤੋ ਯਹ ਕਾਨੂੰਨੀ ਅਧਿਕਾਰ ਮਿਲ ਜਾਏਂਗੇ, ਨਹੀਂ ਤੋ ਨਹੀਂ।

**ਪੱ:**—ਇਤਨੀ ਕਮ ਤਨਖਾਹ ਮੇਂ ਆਪ ਕੈਸੇ ਗੁਜ਼ਾਰਾ

ਕਰਤੇ ਹੈਂ ? ਕੁਛ ਘਰ ਭੀ ਭੇਜਤੇ ਹੋਂਗੇ ?

**ਮ:** (**ਇਕ** —ਜੋ 150 ਰੁਪੈ ਕਮਾਤਾ ਹੈ 50 ਬਚਾਤਾ ਹੈ ਔਰ 100 ਰੁਪਿਆ ਖਰਚ ਕਰਤਾ । ਕਭੀ ਤੀਸ ਹੀ ਬਚਤਾ । ਕਭੀ ਕੋਈ ਬੀਮਾਰ ਹੋ ਜਾਤਾ ਹੈ ਨਾ ।

**ਦੂਸਰਾ** – ਜੀ. ਇਸ ਕੁਆਟਰ ਮੇਂ (ਕਰੀਬ 10 ਫੁਟ × 10 ਫੁਟ ਕਮਰਾ ਜੀਹਦੇ ਸਾਹਮਣੇ ਅਸੀਂ ਬੈਠੇ ਸੀ, ਵੱਲ ਇਸਾਰਾ ਕਰਕੇ) ਤੋ ਹਮ ਸਾਤ ਰਹਿਤੇ ਹੈਂ । ਬਾਕੀ ਕਿਸੀ ਮੇਂ ਛੇ ਹੈਂ ਕਿਸੀ ਮੇਂ ਆਠ । ਬਗੈਰ ਲਾਂਈਟ ਕੇ ਪਚਾਸ ਰੁਪਏ ਕਿਰਾਇਆ ਹੈ ।

**ਪੱ** :—ਖਾਨਾ ਕਿਆ ਖਾਤੇ ਹੈਂ ?

**ਮ** :—ਜੀ ਬਸ ਸੂਖੀ ਰੋਟੀ ਯਾ ਦਾਲ ਚਾਵਲ ਯਾ ਦਾਲ ਰੋਟੀ ।

**ਪੱ** :—ਦਾਲ ਮੇਂ ਘੀ ਡਾਲਤੇ ਹੈਂ ? ਯਾ ਤੜਕਾ ਲਗਾਤੇ ਹੈਂ ?

[ਇਸ ਗੱਲ ਦਾ ਪਹਿਲਾ ਤਾਂ ਕਿਸੇ ਨੇ ਕੋਈ ਜੁਆਬ ਨਹੀਂ ਦਿੱਤਾ । ਇਕ ਦੂਜੇ ਨਾਲ ਅੱਖਾਂ ਮਿਲਾ ਕੇ ਹੌਲੀ-ਹੌਲੀ ਹਸਦੇ ਰਹੇ । ਫੇਰ ਇਕ ਬੋਲਿਆ :— "ਜੀ ਤੜਕਾ ਲਗਾ ਕੇ ਫਿਰ ਹਮ ਘਰ ਕੋ ਕਿਆ ਭੇਜੇਂਗੇ ।" ਦੁੱਧ ਵਗੈਰਾ ਬਾਰੇ ਪੁੱਛਣ ਦੀ ਬੇਵਕੂਫੀ ਮੈਂ ਨਹੀਂ ਕੀਤੀ । ਗੱਲਾਂਬਾਤਾਂ ਵਿਚੋਂ ਪਤਾ ਲੱਗਿਆ ਕਿ ਬਹੁਤਿਆਂ ਦੇ ਘਰ ਸਵੇਰੇ ਚਾਹ ਵੀ ਨਹੀਂ ਬਣਦੀ ।]

**ਪੱ** :—ਸਰਦੀ ਕੇ ਮੌਸਮ ਮੇਂ ਆਪ ਕਾ ਗੁਜਾਰਾ ਕੈਸੇ ਹੋਤਾ ਹੈ ?

**ਮ** :—ਜੀ ਬੋਰੀ ਫਾੜ ਕੇ ਬਿਛਾ ਲੇਤੇ ਹੈਂ ਨੀਚੇ ਧਾਨ ਕੀ ਪਰਾਲੀ ਬਿਛਾ ਲੇਤੇ ਹੈਂ ਕਭੀ ਕਿਸੀ ਗਾਂਵ ਸੇ ਲੇ ਕੇ । ਊਪਰ ਕਭੀ ਏਕ ਕੰਬਲ ਯਾ ਕੋਈ ਔਰ ਏਕ ਆਧ ਕਪੜਾ । ਜੀ ਸਚ ਤੋ ਯਹਾਂ ਜੈਸੇ ਨਾਲੀ ਕੇ ਕੀੜੇ ਹੋਤੇ ਹੈਂ । ਕਿਸੀ ਸੇ ਮੇਂ ਸੇ ਏਕ ਕੇ ਪਾਸ ਰਜਾਈ ਹੈ । ਔਰ ਸਰਦੀ ਮੇਂ ਤੋ ਕਭੀ ਕੰਪਕਪੀ ਹਟਤੀ ਹੀ ਨਹੀਂ ।

**ਪੱ** :—ਔਰ ਗਰਮੀ ਮੇਂ ?

**ਮ** :—ਜੀ ਗਰਮੀ ਮੇਂ ਤੋ ਚੰਗਾ ਰਹਿਤਾ ਹੈ । ਕੋਈ ਲੁੰਗੀ ਵਿਛਾ ਕੇ ਛਤ ਪਰ ਸੋ ਜਾਤੇ ਹੈਂ । [ਬੇਸ਼ੁਮਾਰ ਮੱਛਰ ਅਤੇ ਗਰਮੀ ਦੇ ਬਾਵਜੂਦ, ਸਿਆਲੇ ਦੀ ਠੰਡ ਦੇ ਮੁਕਾਬਲੇ ਉਹਨਾਂ ਨੂੰ ਇਹ ਮੌਸਮ ਚੰਗਾ ਲਗਦਾ ਹੈ ।]

**ਪੱ** :—ਜੋ ਕੁਆਟਰ ਲੇਬਰ ਕਲੋਨੀ ਮੇਂ ਸਰਕਾਰ ਦੇਤੀ ਹੈ ਆਪ ਕਿਉਂ ਨਹੀਂ ਲੇਤੇ ?

**ਮ** :—ਜੀ ਬਹੁਤ ਕਮ ਹੈਂ ਵੋ ਤੋ ਮਿਲਤੇ ਹੀ ਨਹੀਂ ।

**ਪੱ** :—ਫਿਰ ਭੀ ਜਿਨਕੋ ਮਿਲੇ ਹੈਂ ਉਨ ਮੇਂ ਆਪ ਕਿਉਂ ਨਹੀਂ ਹੋ ਜਾਤੇ ?

**ਮ** :—ਜੀ ਮਾਲਕ ਕੇ ਜਰੀਏ ਔਰ ਉਸਕੀ ਜਮਾਨਤ ਸੇ ਮਿਲਤੇ ਹੈਂ ਯੇ ਕੁਆਟਰ । ਔਰ ਵੋ ਅਪਨੇ ਜਿਆਦਾ ਨਜਦੀਕੀ ਕੋ ਹੀ ਰਮ ਭਰ ਦੇਤੇ ਹੈਂ ।

**ਪੱ** :—ਬਾਰਸ਼ ਯਾ ਅੰਧੇਰੀ ਮੇਂ ਤੋ ਆਪ ਕੇ ਕਮਰੇ ਮੇਂ ਪਾਨੀ ਗਿਰਤਾ ਰਹਤਾ ਹੋਗਾ ਯਾ ਮਿੱਟੀ ਉੜਤੀ ਹੋਗੀ ? (ਖਿੜਕੀਆਂ ਤੋਂ ਬਿਨਾਂ ਕਮਰੇ ਦੇਖ ਕੇ ਮੈਂ ਕਿਹਾ ।

**ਮ** :—ਜੀ ਕਯਾ ਕਰੇਂ ਬਸ ਮਿੱਟੀ ਹੀ ਕਮਰੇ ਮੇਂ ਆ ਜਾਏ ਤੋ ਖਾਨਾ ਪੜਤਾ ਹੈ । ਜੈਸੇ ਯਹਾਂ 150 ਬੰਦਾ ਇਨ ਕਮਰੋਂ ਮੇਂ ਰਹਤਾ ਹੈ ਸਿਰਫ ਏਕ ਹੀ ਪੰਪ ਹੈ । (ਮਕਾਨ) ਮਾਲਕ ਕਾ ਉਪਰ ਭੀ ਨਹੀਂ ਔਰ ਲਗਵਾਤਾ ।

**ਪੱ** :—ਆਪ ਅਪਨੇ ਸਾਥ ਅਪਨੇ ਬੀਵੀ ਬੱਚੇ ਕਿਉਂ ਨਹੀਂ ਲਾਤੇ ?

**ਮ** .—ਜੀ ਯਹਾਂ ਪਰਦੇਸ ਹੈ, ਬੇਇਜਤੀ ਹੈ ਔਰ ਤਨਖਾਹ ਕਮ ਹੈ ।

**ਪੱ** :—ਯਹ ਬੇਇਜਤੀ ਕੀ ਕਿਆ ਬਾਤ ਹੈ ?

**ਮ** :—ਜੀ ਬੇਇਜਤੀ ਤੋ ਹੈ । ਕਲ ਕੀ ਹੀ ਬਾਤ ਹੈ ਏਕ ਮਜਦੂਰ ਯੂਪੀ ਕਾ ਅਪਨੀ ਬੀਵੀ ਕੇ ਸਾਥ ਲੇ ਕਰ ਰਾਤ ਮੇਂ ਜਾ ਰਹਾ ਥਾ ਉਸ ਕੇ ਕੁਛ ਪੰਜਾਬੀ ਗੁੰਡੋਂ ਨੇ ਪਕੜ ਕਰ ਬਦਮਾਸ਼ੀ ਕਰਨੇ ਕਾ ਕੋਸ਼ਿਸ ਕੀਆ । ਔਰ ਅਗਰ ਰਾਤ ਕੋ ਕੋਈ ਮਜਦੂਰ ਹਾਥ ਮੇਂ ਘੜੀ ਬਾਂਧ ਕੇ ਜਾ ਰਹਾ ਹੋਗਾ ਤੋ ਘੜੀ ਭੀ ਉਤਾਰ ਲੇਤੇ ਹੈਂ ਮਾਰਤੇ ਭੀ ਹੈਂ ।

**ਪੱ** ਐਸੇ ਤੋ ਕੁਛ ਗੁੰਡੇ ਲੋਕ ਹੀ ਕਰਤੇ ਹੈਂ ਬਾਕੀ ਤੋ ਨਹੀਂ ਕਰਤੇ ।

**ਮ** :—ਜੀ ਬਾਕੀ ਨਹੀਂ, ਵੋਹ ਤੋ ਗੁੰਡੇ ਹੀ ਕਰਤੇ ਹੈਂ ਹਮ ਪਰ । ਪਰਦੇਸੀ ਹੋਨੇ ਸੇ ਜਰਾ ਜਯਾਦਾ । ਔਰ ਦੂਸਰੇ ਆਮ ਪੰਜਾਬੀ ਲੋਕ ਤੋ ਨਹੀਂ ਐਸਾ ਕਰਤੇ ।

**ਪੱ** :—ਪੰਜਾਬੀ ਵਰਕਰ ਆਪ ਸੇ ਕੈਸਾ ਵਿਵਹਾਰ ਕਰਤੇ ਹੈਂ ?

**ਪਹਿਲਾ ਮਜ਼ਦੂਰ** – ਜੀ ਉਨਕੋ ਏਕ ਬਾਤ ਤੋ ਲਗਤਾ ਹੈ ਕਿ ਭਈਆ ਲੋਕ ਯਹਾਂ ਆਕੇ ਕਮ ਤਨਖਾਹ ਪਰ ਲਗ ਜਾਤੇ ਹੈਂ ਔਰ ਉਨਕੀ ਭੀ ਫੁਕਤ ਕਮ ਕਰ ਦੇਤੇ ਹੈਂ ।

**ਦੂਜਾ** :—ਜੀ, ਵੋਹ ਹਮਕੋ ਘਟੀਆ ਸਮਝਤੇ ਹੈਂ ।

**ਪਹਿਲਾ** :—ਮਗਰ ਕੁਛ ਤੋ ਜੋ ਸਮਝਦਾਰ ਹੈਂ ਵੋਹ ਤੋ ਅੱਛੇ ਸੇ ਰਹਿਤੇ ਹੈਂ । ਸਾਥ ਮੇਂ ਬੈਠ ਕਰ ਖਾਨਾ ਵੀ, ਪੀਨਾ ਵੀ । ਜੈਸੇ ਯਹਾਂ ਰਾਧੇ ਰਮਨ ਕਤਲ ਹੂਆ ਕਿਤਨੇ ਪੰਜਾਬੀ ਲੋਗੋਂ ਨੇ ਬਾਤ ਉਠਾਈ. ਜੈਸੇ ਛਾਤਰ ਲੋਗੋਂ ਨੇ ਸਾਥ ਦੀਆ ।

**ਪੱ** :—ਸਮਝਦਾਰ ਆਪ ਕਿਨਹੇਂ ਕਹਿਤੇ ਹੈਂ ?

**ਮ** :—ਜੀ, ਜੋ ਕੁਛ ਕਾਮਰੇਡ ਟਾਈਪ ਹੋਤੇ ਹੈਂ ।

**ਪੱ** :—ਫੈਕਟਰੀ ਮੇਂ ਕਾਮ ਕਰਨੇ ਵਾਲੇ ਪੰਜਾਬੀ ਵਰਕਰੋਂ ਕੇ ਸਾਥ ਆਪ ਕੀ ਦੋਸਤੀ ਹੈ ? ਛੁਟੀ ਵਾਲੇ ਦਿਨ ਏਕ ਦੂਸਰੇ ਕੇ ਪਾਸ ਆਨਾ-ਜਾਨਾ ਹੈ, ਯਾ ਇਕੱਠੇ ਖੀਨਾ-ਪੀਨਾ ਹੈ ?

**ਮ** :–ਜੀ. ਐਸਾ ਜਯਾਦਾ ਨਹੀਂ, ਖਾਸ ਦੋਸਤ ਯਾ ਯੂਨੀਅਨ ਵਾਲੇ ਸਾਥੀ ਹੀ ਆਤੇ ਹੈਂ ।

**ਪੱ** :—ਛੁਟੀ ਵਾਲੇ ਦਿਨ ਆਪ ਕਿਆ ਕਰਤੇ ਹੈਂ ?

**ਮ** : ਜੀ ਕਪੜਾ ਵਗੈਰਾ ਧੋਨਾ ਯਾ ਕਭੀ ਕੋਈ ਫੈਕਟਰੀ ਕਾਮ ਜਿਯਾਦਾ ਹੋਤਾ ਹੈ ਤੋ ਕਰਨੇ ਜਾਤੇ ਹੈਂ ।

**ਪੱ** :—ਯਹ ਹਰ ਵਾਰ ਤੋ ਨਹੀਂ ਹੋਤਾ ਹੋਗਾ ਆਪ ਕਿਸੀ ਤਰਹ ਦਿਲ ਬਹਿਲਾਵਾ ਭੀ ਕਰਤੇ ਹੋਂਗੇ ?

**ਮ** :—ਜੀ ਹਾਂ, ਯਹਾਂ ਢੋਲਕ ਬਜਾਤੇ ਹੈਂ, ਗਾਤੇ ਹੈਂ, ਇਕੱਠੇ ਹੋ ਕੇ ।

**ਪੱ** :—ਕਭੀ ਪਿਕਚਰ ਵਗੈਰਾ ?

**ਮ** :—ਜੀ, ਕੋਈ ਕੋਈ ਕਭੀ ਕਭੀ ਦੇਖਤੇ ਹੈਂ ਕਿਉਂ ਕੀ ਇਤਨਾ ਖਰਚ ਕਰਨੇ ਮੇਂ ਗੁਜਾਰਾ ਨਾ ਹੋ ਪਾਏਗਾ ।

**ਪੱ** :—ਕਿਸ ਤਰਹ ਕੇ ਗੀਤ ਗਾਤੇ ਹੈਂ ਆਪ ਲੋਗ ?

**ਮ** :—ਜੀ. ਕੀਰਤਨ ਭਜਨ ਯਾ ਕੋਈ ਹੋਲੀ ਕਾ ਗੀਤ ।

ਵੈਸੇ ਹਰ ਮੰਗਲਵਾਰ ਕੀਰਤਨ ਹੋਤਾ ਹੈ ਬ...ਬਲੀ ਕਾ, ਇਕੱਠੇ ਹੋ ਕੇ ਗਾਤੇ ਹੈਂ, ਪਰਸ਼ਾਦ ਬਾਂਟਤੇ ਹੈਂ।

ਪੱ :—ਜਬ ਕਭੀ ਆਪ ਲੋਗੋਂ ਕਾ ਝਗੜਾ ਹੋ ਜਾਤਾ ਹੈ ਕਿਸੀ ਫੈਕਟਰੀ ਮਾਲਿਕ ਕੇ ਸਾਥ ਯਾ ਕੈਸੇ ਕਾਰਯਾ ਕਿ ਗੁੰਡਾਗਰਦੀ ਕੀ ਘਟਨਾਏਂ ਹੋਤੀ ਰਹਤੀ ਹੈਂ ਤੋ ਕਿਆ ਪੁਲਿਸ ਆਪਕੀ ਰਕਸ਼ਾ ਕਰਤੀ ਹੈ ?

ਮ :—ਜੀ ਪੁਲਿਸ ਕਹਾਂ ਹਮਾਰੀ ਰਕਸ਼ਾ ਕਰਤੀ ਹੈ। ਅਭੀ ਪਿਛਲੇ ਸਾਲ ਕੀ ਹੀ ਬਾਤ ਹੈ। ਰਾਧੇ ਰਮਨ ਕਤਲ ਹੂਆ, ਫੈਕਟਰੀ ਮਾਲਿਕ ਨੇ ਉਸੇ ਮਾਰ ਦੀਆ, ਪੁਲੀਸ ਨੇ ਮਾਲਿਕ ਕਾ ਪਕਸ਼ ਲੀਆ। ਹਮ ਨੇ ਜਬ ਬਾਤ ਉਠਾਈ ਉਲਟ ਹਮੀਂ ਪਰ ਲਾਠੀਆਂ ਚਲਾਈਂ। ਔਰ ਹਮਾਰੇ ਯੂਨੀਅਨ ਨੇਤਾਓਂ ਕੋ ਗਰਿਫਤਾਰ ਕਰ ਲੀਆ ਔਰ ਝੂਠੇ ਕੇਸ ਮੇਂ ਉਲਝਾ ਦੀਆ। ਔਰ ਜਹਾਂ ਕਹਾਂ ਹਮ ਦੇਖਤੇ ਹੈਂ ਪੁਲਿਸ ਮਾਲਿਕੋਂ ਕਾ ਹੀ ਪਕਸ਼ ਲੇਤੀ ਹੈ।

ਦੂਜਾ—ਜੀ ਪੁਲਸ ਤੋ ਹੋਤਾ ਹੀ ਪੈਸੇ ਵਾਲੋਂ ਕਾ ਹੈ। ਉਨ ਕੇ ਹਾਥ ਗਰਮ ਕਰੋ ਔਰ ਕਿਸੀ ਕੋ ਪਿਟਵਾ ਦੋ। ਲੇਕਿਨ ਪਿਟਨੇ ਵਾਲਾ ਗਰੀਬ ਹੋਨਾ ਚਾਹੀਏ।

ਪੱ :—ਅੱਛਾ ਤੋ ਅਬ ਆਪ ਯਹ ਬਤਾਏਂ ਕਿ ਆਪਕੇ ਵਿਚਾਰ ਮੇ ਆਪਕੀ ਜ਼ਿੰਦਗੀ ਬੇਹਤਰ ਕੈਸੇ ਹੋ ਸਕਤੀ ਹੈ ?

ਮ :—(ਏਕ) ਜੀ ਹਮੇ ਐਸਾ ਤੋ ਲਗਤਾ ਹੈ ਕਿ ਅਗਰ ਹਮ ਇਕੱਠੇ ਹੋਂ ਯੂਨੀਅਨ ਬਨਾ ਕੇ ਬਹੁਤ ਮਾਮਲੋਂ ਮੇਂ ਬੇਇਨਸਾਫੀਆਂ ਰੋਕ ਸਕਤੇ ਹੈਂ।

ਦੂਸਰਾ ਹਾਂ ਪਿਛਲੇ ਕੁਝ ਅਰਸੇ ਸੇ ਯੂਨੀਅਨ ਕੇ ਮੈਂਬਰ ਬਨੇ ਹੈਂ। ਕਈ ਬਾਰ ਯੂਨੀਅਨ ਨੇ ਮਾਲਿਕੋਂ ਸੇ ਬੋਨਸ, ਛੁੱਟੀਆਂ ਦਿਲਵਾਈ ਹੈ ਔਰ ਪੁਲੀਸ ਕੀ ਪਿਟਾਈ ਸੇ ਵਰਕਰੋਂ ਕੋ ਬਚਾਯਾ ਹੈ। ਅਗਰ ਇਸੀ ਤਰਹ ਸਭੀ ਇਕੱਠੇ ਹੋ ਜਾਏਂ, ਔਰ ਯੂਨੀਅਨ ਮਜ਼ਬੂਤ ਬਨ ਜਾਏ ਤੋ ਕਾਫ਼ੀ ਫ਼ਰਕ ਪੜ ਸਕਤਾ ਹੈ।

ਪੱ : ਲੁਧਿਆਨਾ ਮੇਂ ਤੋ ਕਈ ਯੂਨੀਅਨ ਹੈਂ ਆਪ ਕੌਨ ਸੀ ਯੂਨੀਅਨ ਕੇ ਸਾਥ ਹੈਂ ?

ਮ :—ਜੀ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਕੇ ਸਾਥ।

ਪੱ :—ਕਿਸੀ ਔਰ ਯੂਨੀਅਨ ਸੇ ਭੀ ਆਪ ਕਾ ਵਾਸਤਾ ਪੜਾ ਕਭੀ ?

ਮ :—ਜੀ ਹਾਂ ਯਹਾਂ 'ਮਿੱਤਲ ਅਹਾਤੇ' ਸੇ ਹੀ ਏਕ ਯੂਨੀਅਨ ਵਾਲਾ, ਸ਼ਾਮ ਲਾਲ ਪੈਸੇ ਬਟੋਰ ਕੇ ਭਾਗ ਗਯਾ ਥਾ। (ਉਹਨਾਂ ਦਾ ਇਸ਼ਾਰਾ ਲੁਧਿਆਣੇ ਦੀਆਂ ਅਨੇਕਾਂ ਜੇਬੀ ਯੂਨੀਅਨਾਂ, ਅਸਲ 'ਚ ਦੁਕਾਨਾਂ, ਚੋਂ ਇਕ ਵੱਲ ਸੀ ਜਿਨ੍ਹਾਂ ਦਾ ਕੰਮ ਮਜ਼ਦੂਰਾਂ ਨੂੰ ਚੇਤਨ ਕਰਨਾ, ਜਥੇਬੰਦ ਕਰਨਾ ਤੇ ਸੰਘਰਸ਼ ਦੇ ਰਾਹ ਤੇ ਅੱਗੇ ਲਿਜਾਣਾ ਨਹੀਂ ਬਲਕਿ ਮਜ਼ਦੂਰਾਂ ਤੇ ਮਾਲਕਾਂ ਵਿਚਕਾਰ ਉਠਦੇ ਰਹਿੰਦੇ ਆਪ ਮੁਹਾਰੇ ਝਗੜਿਆਂ ਵਿਚ ਪੈ ਕੇ ਦਲਾਲੀ ਕਰਨਾ ਤੇ ਆਪਣੀ ਜੇਬ ਭਰਨਾ ਹੈ।

ਪੱ :—ਆਪ ਕੀ ਯੂਨੀਅਨ ਔਰ ਦੂਸਰੀ ਯੂਨੀਅਨੋਂ ਸੇ ਆਪ ਕਿਆ ਫ਼ਰਕ ਦੇਖਤੇ ਹੈਂ ?

ਮ :—ਜੀ ਫ਼ਰਕ ਤੋ ਬਹੁਤ ਹੈਂ। ਜੋ ਹਮਾਰੀ ਅਬ ਕੀ ਯੂਨੀਅਨ ਹੈ ਯਹ ਜੋ ... ਕਰਤੀ ਹੈ ਵਰਕਰੋਂ ਕੋ ਸਾਥ ਲੇ ਕੇ ਕਰਤੀ। ਮਾਲਕ ਸੇ ਬਾਤ ਭੀ ਕਰਤੀ ਤੋ ਹੈ ਭੀ ਵਰਕਰੋਂ ਕੋ ਸਾਥ ਲੇਕਰ। ਨਹੀਂ ਤੋਂ ਨਹੀਂ। ਦੂਸਰੀ ਯੂਨੀਅਨ ਕੀ ਤਰਹ ਝੂਠੀ ਤਸੱਲੀ ਨਹੀਂ ਦੇਤੇ ਕਿ ਹਮ ਯੇ ਕਰ ਦੇਂਗੇ ਵੋਹ ਕਰ ਦੇਂਗੇ। ਔਰ ਕੇਸੋਂ (ਲੇਬਰ ਅਦਾਲਤ 'ਚ ਚਲਦੇ) ਕੇ ਬਾਰੇ ਮੇ ਭੀ ਠੀਕ-ਠੀਕ ਬਤਾਤੇ ਹੈਂ। ਔਰ ਜੋ ਯੂਨੀਅਨ ਕਾ ਮੈਂਬਰ ਭੀ ਨਾ ਹੋ ਫੰਡ ਭੀ ਨਾ ਦੀਆ ਹੋ ਉਸਕੀ ਭੀ ਮਦਦ ਕਰਤੇ ਹੈਂ। ਦੂਸਰੋਂ ਕੀ ਤਰਹ ਨਹੀਂ ਕਿ ਪੈਸਾ ਲੀਏ ਬਗੈਰ ਕੇਸ ਹੀ ਨਹੀਂ ਕਰਤਾ।

ਪੱ :—ਸਰਕਾਰ ਆਏ ਦਿਨ ਕਹਤੀ ਰਹਤੀ ਹੈ ਕਿ ਸਭੀ ਲੋਗੋਂ ਕੋ ਅਪਨੀ ਜਥੇਬੰਦੀ (ਯੂਨੀਅਨ) ਬਨਾਨੇ ਕਾ ਅਧਿਕਾਰ ਹੈ। ਕਿਆ ਆਪਕੀ ਫੈਕਟਰੀਓਂ ਮੇਂ ਐਸਾ ਅਧਿਕਾਰ ਹੈ ਆਪ ਕੋ ?

ਮ :—ਜੀ ਮਾਲਿਕ ਕਹਾਂ ਸਹਨ ਕਰਤਾ ਹੈ ਉਸ ਕੇ ਲਿਏ ਤੋ ਸਾਂਪ ਦਿਖਾਈ ਦੇਨੇ ਕੇ ਬਰਾਬਰ ਹੈ ਯੂਨੀਅਨ। ਵੋਹ ਨਹੀਂ ਦੇਤਾ ਯਹ ਅਧਿਕਾਰ। ਤੋੜਨੇ ਕੀ ਕੋਸ਼ਿਸ਼ ਕਰਤਾ ਹੈ ਯੂਨੀਅਨ ਕੋ, ਤੋ ਸਰਕਾਰ ਇਸ ਮੇ ਕੁਛ ਨਹੀਂ ਕਰਤੀ। ਹਾਂ, ਕਰਤੀ ਹੈ ਤੋ ਯਹ, ਕਿ ਜਬ ਕੋਈ ਐਜੀਟੇਸ਼ਨ ਹੋਤੀ ਹੈ, ਪੁਲਿਸ ਔਰ ਜਿਲਾ ਅਧਿਕਾਰੀ ਹਮ ਕੋ ਹੀ ਦਬਾਨੇ ਕੀ ਕੋਸ਼ਿਸ਼ ਕਰਤੇ ਹੈਂ।

ਪੱ :—ਯੂਨੀਅਨ ਕੋ ਤੋੜਨੇ ਕੇ ਲੀਏ ਮਾਲਿਕ ਕਿਆ ਕਰਤੇ ਹੈਂ ?

ਮ :—ਜੀ ਜੋ ਆਗੂ ਹੋਤੇ ਹੈਂ ਉਨਕੋ ਖਰੀਦਨੇ ਕੀ ਕੋਸ਼ਿਸ਼ ਕਰਤੇ ਹੈਂ ਯਾ ਫੈਕਟਰੀ ਸੇ ਨਿਕਾਲ ਦੇਤੇ ਹੈਂ। ਕਈ ਬਾਰ ਐਸਾ ਹੋਤਾ ਹੈ ਕਿ ਅਪਨੇ ਗੁੰਡੋਂ ਸੇ ਹਮਲਾ ਕਰਵਾ ਦੇਤੇ ਹੈਂ।

[ਰਾਤ ਦੇ ਬਾਰਾਂ ਵੱਜ ਗਏ ਸੀ ਤੇ ਉਨ੍ਹਾਂ ਨੇ ਸਵੇਰੇ ਫੈਕਟਰੀ ਕੰਮ ਤੇ ਵੀ ਜਾਣਾ ਸੀ ਸਾਨੂੰ ਆਪਣੀ ਗੱਲਬਾਤ ਵਿਚੇ ਹੀ ਖਤਮ ਕਰਨੀ ਪਈ। ਉਹਨਾ ਨਾਲ ਦਾਲ-ਫੁਲਕਾ ਖਾਣ ਤੋਂ ਬਾਅਦ ਅਸੀਂ ਮੁੜ ਆਏ। ■

(ਧੰਨਵਾਦ ਸਹਿਤ ਜ਼ੈਕਾਰਾ ਵਿਚੋਂ)


**THINKING OF TRAVEL?**
**WE CAN SAVE YOU MONEY, TIME AND TROUBLE**
**GROUPS – CHARTER – EXCURSION**
**PAY LATER**
**SPECIAL IMMIGRANT FARES AVAILABLE**

**GOYAL TRAVEL**

**4160 FRASER STREET, VANCOUVER 10, B.C.**
**PHONE: 872-7658**

**ASSOCIATE OFFICES:**
Opposite Nehru Garden, Jullundur City
Near Courts Moga (India) – Phone 2798
Near Courts Jagraon (India) – Phone 252
Bhagat Singh Chowk, Sadar Bazaar Barnala, (India). Phone 555

# ਜੇ ਉਹ ਡਾਕੂ ਹੁੰਦੇ

— ਰਾਜਾ ਸਿੰਘ ਸੇਖਾ

ਉਸ ਨੂੰ ਕਚਹਿਰੀ ਲੈ ਜਾਣ ਲਈ ਤਿੰਨ ਸਿਪਾਹੀ ਨਿਯੁਕਤ ਕੀਤੇ ਗਏ। ਇਕ ਨੇ ਉਸ ਦੇ ਕੜੀ ਲਾ ਲਈ ਤੇ ਲੱਕ ਦੀ ਪੇਟੀ ਨਾਲ ਬੰਨ੍ਹ ਲਈ। ਦੂਸਰੇ ਦੋ ਬੰਦੂਕਾਂ ਲੈ ਕੇ ਨਾਲ ਤੁਰੇ। ਪੰਜਾਬ ਰੋਡਵੇਜ਼ ਦੀ ਬੱਸ ਵਿਚ ਉਸ ਨੂੰ ਬਿਠਾਇਆ ਗਿਆ।

ਬੱਸ ਸਵਾਰੀਆਂ ਨਾਲ ਭਰੀ ਹੋਈ ਸੀ। ਤਿੰਨ ਆਦਮੀ ਉਸ ਵਿਚ ਰਾਹ ਵਿਚੋਂ ਚੜ੍ਹੇ। ਜਦੋਂ ਕੰਡਕਟਰ ਨੇ ਉਨ੍ਹਾਂ ਵੱਲ ਵੇਖਿਆ, ਉਹ ਮੁਸਕਰਾਇਆ। ਇਕ ਨੇ ਉਸ ਨੂੰ ਅੱਖ ਦੱਬੀ। ਉਹ ਸਮਝ ਗਿਆ। ਉਹ ਸਿਰਫ ਚੁਪ ਹੋਇਆ। ਉਸ ਨੂੰ ਹੋਰ ਕੁੱਝ ਪਤਾ ਨਹੀਂ ਸੀ, ਕੀ ਹੋਣ ਵਾਲਾ ਹੈ। ਬੱਸ ਐਸੀ ਜਗ੍ਹਾ ਵਿਚ ਦੀ ਗੁਜ਼ਰ ਰਹੀ ਸੀ ਜਿਥੇ ਦੋਵੇਂ ਪਾਸੇ ਕਾਹੀ ਤੇ ਸਰਕੜੇ ਸਨ। ਉਨ੍ਹਾਂ ਨੇ ਢੁਕਵਾਂ ਮੌਕਾ ਤਾੜਿਆ ਇਕ ਦਮ ਪਸਤੌਲ ਕੱਢ ਲਏ।

ਇਕ ਨੇ ਡਰਾਈਵਰ ਵੱਲ ਨੂੰ ਇਸ਼ਾਰਾ ਕੀਤਾ ਤੇ ਕਿਹਾ "ਬੱਸ ਰੋਕ ਦੇ।" ਦੂਜਿਆਂ ਦੋਹਾਂ ਨੇ ਸਿਪਾਹੀਆਂ ਨੂੰ ਕਿਹਾ "ਬੰਦੂਕਾਂ ਸੁੱਟ ਦਿਓ ਤੇ ਹੱਥ ਉਪਰ ਖੜੇ ਕਰ ਲਵੋ।" ਉਨ੍ਹਾਂ ਨੇ ਬੰਦੂਕਾਂ ਥੱਲੇ ਸੁੱਟ ਦਿੱਤੀਆਂ ਤੇ ਹੱਥ ਖੜੇ ਕਰ ਲਏ।

ਤੀਜੇ ਨੂੰ ਕੜੀ ਖੋਲ੍ਹਣ ਲਈ ਕਿਹਾ ਗਿਆ। ਪਰ ਉਹ ਨਾ ਮੰਨਿਆ। ਇਕ ਠਾਹ ਕਰਦੀ ਗੋਲੀ ਕੜੀ ਦੇ ਜੰਗਲ ਵਿਚ ਲੱਗੀ। ਤੇ ਇਕ ਨਾਲ ਹੀ ਸਿਪਾਹੀ ਦੀ ਛਾਤੀ ਵਿਚ ਦੀ ਲੰਘ ਗਈ। ਉਨ੍ਹਾਂ ਵਿਚੋਂ ਇਕ ਨੇ ਲੋਕਾਂ ਨੂੰ ਸੰਬੋਧਨ ਕਰਕੇ ਕਿਹਾ "ਸਾਡਾ ਤੁਹਾਡੇ ਨਾਲ ਕੋਈ ਵੈਰ ਨਹੀਂ। ਅਸੀਂ ਆਪਣਾ ਬੰਦਾ ਛੁਡਾਉਣਾ ਸੀ। ਤੁਹਾਨੂੰ ਡਰਨ ਦੀ ਲੋੜ ਨਹੀਂ।"

ਉਹ ਜਾਂਦੇ ਬਾਹਰ ਨਿਕਲ ਗਏ। ਇਕ ਗੋਲੀ ਬੱਸ ਦੇ ਟਾਇਰ ਵਿਚ ਮਾਰੀ ਤਾਂ ਜੋ ਇਹ ਪਹੁੰਚ ਕੇ ਛੇਤੀ ਪੁਲੀਸ ਨੂੰ ਪਤਾ ਨਾ ਲਾ ਦੇਵੇ। ਬੜੀ ਆਸਾਨੀ ਨਾਲ ਉਥੋਂ ਨਿਕਲ ਗਏ।

ਬੱਸ ਵਿਚ ਬੈਠੀ ਇਕ ਜਨਾਨੀ ਕਹਿ ਰਹੀ ਸੀ "ਉਨ੍ਹਾਂ ਡਾਕੂਆਂ ਨੇ ਤਾਂ ਕਮਾਲ ਕਰ ਦਿੱਤੀ।"

"ਮਾਈ ਜੀ ਜੇ ਉਹ ਡਾਕੂ ਹੁੰਦੇ ਤਾਂ ਜਿਹੜੇ ਸਾਡੇ ਸਾਰਿਆਂ ਪਾਸ ਚਾਰ ਚਾਰ ਪੈਸੇ ਸਨ ਉਹ ਖੋਹ ਕੇ ਲੈ ਜਾਂਦੇ।

"ਉਹ ਡਾਕੂ ਨਹੀਂ ਸਨ। ਉਹ ਇਕ ਸਿਆਸੀ ਪਾਰਟੀ ਦੇ ਹਨ। ਪਰ ਜਦ ਤੋਂ ਆਪਣੇ ਲੋਕ ਉਨ੍ਹਾਂ ਨੂੰ ਡਾਕੂ ਸਮਝਣੋਂ ਹਟ ਜਾਣਗੇ — ਸਫਲ ਹੋ ਜਾਣਗੇ।" ਇਕ ਕਾਲਜੀਏਟ ਮੁੰਡਾ ਜਵਾਬ ਵਿਚ ਕਹਿ ਰਿਹਾ ਸੀ।

---


## ਪੰਜਾਬੀ ਲਿਟਰੇਰੀ ਐਸੋਸੀਏਸ਼ਨ·

ਪਿਛਲੇ ਮਹੀਨੇ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀਆਂ ਦੋ ਰੈਗੂਲਰ ਮੀਟਿੰਗਾਂ ਹੋਈਆਂ। ਪਹਿਲੀ ਮੀਟਿੰਗ ਦਾ ਆਰੰਭ ਸ਼ਮਸ਼ੇਰ ਭੱਟੀ ਨੇ 'IDERA' ਵਲੋਂ 'ਰਾਬਸਨ ਸਕੂਏਅਰ ਥੀਏਟਰ' ਵਿਖੇ ਵਿਖਾਈ ਫਿਲਮ ਕੈਲਕਟਾ ਦੇ ਪ੍ਰਤੀਕਰਮ ਵਜੋਂ ਲਿਖੇ ਇਕ ਲੇਖ ਨਾਲ ਕੀਤਾ। ਇਸ ਲੇਖ ਮੁਤਾਬਕ ਫਿਲਮ ਕਲਕੱਤੇ ਦੀਆਂ ਗੰਦੀਆਂ ਬਸਤੀਆਂ ਅਤੇ ਨਾਲਿਆਂ ਤੋਂ ਸ਼ੁਰੂ ਹੁੰਦੀ ਹੈ ਅਤੇ ਹਰੇਕ ਸੀਨ ਤੋਂ ਬਾਅਦ ਕੈਮਰਾ ਉਸ ਤਰਫ ਮੁੜਦਾ ਹੈ ਜਿਸ ਤਰਫ ਗੰਦਾ ਨਾਲਾ, ਕੂੜੇ ਤੋਂ ਚੁੱਗ ਚੀਜ਼ਾਂ ਖਾਂਦੇ ਬੱਚੇ, ਅਤੇ ਨਾਲਿਆਂ ਦੀਆਂ ਕੰਧਾਂ ਉਪਰ ਮੰਜੇ ਡਾਹੀ ਲੋਕ ਵਿਖਾਏ ਜਾਂਦੇ। ਸ਼ਮਸ਼ੇਰ ਭੱਟੀ ਦਾ ਖਿਆਲ ਸੀ ਕਿ ਇਹੋ ਜਿਹੀਆਂ ਫਿਲਮਾਂ ਨਸਲੀ ਜ਼ਹਿਰ ਫੈਲਾਉਣ ਵਿਚ ਮੱਦਦ ਕਰਦੀਆਂ ਹਨ। ਉਸ ਦਾ ਸਭ ਤੋਂ ਵੱਡਾ ਗਿਲਾ ਇਹ ਸੀ ਕਿ ਇਸ ਫਿਲਮ ਵਿਚ ਇਨ੍ਹਾਂ ਲੋਕਾਂ ਵਲੋਂ ਇਸ ਸਭ ਕਾਸੇ ਵਿਰੁੱਧ ਕੋਈ ਸੰਘਰਸ਼ ਨਹੀਂ ਵਿਖਾਇਆ ਗਿਆ। ਸਭਾ ਦੇ ਕੁੱਝ ਮੈਂਬਰਾਂ ਦਾ ਖਿਆਲ ਸੀ ਕਿ ਕਿਸੇ ਬੁਰਾਈ ਦਾ ਰੂ-ਬ-ਰੂ ਚਿਤਰਣ ਉਸ ਨੂੰ ਦੂਰ ਕਰਨ ਵਿਚ ਹਿੱਸਾ ਪਾਉਂਦਾ ਹੈ।

ਇਸ ਤੋਂ ਬਾਅਦ ਸ਼ਮਸ਼ੇਰ ਭੱਟੀ ਨੇ ਆਪਣੀ ਕਹਾਣੀ 'ਅੰਤਰ' ਪੜ੍ਹੀ। ਬਾਅਦ ਵਿਚ ਅਜਮੇਰ ਰੋਡੇ ਨੇ 'ਕਾਮਾ-ਗਾਟਾ ਮਾਰੂ' ਉਪਰ ਲਿਖਿਆ ਆਪਣਾ ਨਾਟਕ ਪੜ੍ਹਨਾ ਸ਼ੁਰੂ ਕੀਤਾ ਜੋ ਸਮੇਂ ਦੀ ਘਾਟ ਕਾਰਨ ਅੱਧਾ ਹੀ ਪੜ੍ਹਿਆ ਗਿਆ।

ਦੂਜੀ ਮੀਟਿੰਗ ਦੇ ਸ਼ੁਰੂ ਵਿਚ ਅਮਰਜੀਤ ਚਾਹਲ ਨੇ ਇਰਵੇਂ ਦੀ ਜ਼ਿੰਦਗੀ ਬਾਰੇ ਲਿਖੀਆਂ ਚਾਰ ਕਵਿਤਾਵਾਂ ਪੜ੍ਹੀਆਂ। ਜੋ ਕਾਫੀ ਸਲਾਹੀਆਂ ਗਈਆਂ। ਫਿਰ ਬਾਅਦ ਵਿਚ ਸਭਾ ਦੇ ਮੈਂਬਰ ਹਰਦੇਵ ਵੜੈਚ, ਜੋ ਹੁਣੇ ਜਿਹੇ ਆਪਣੀ ਭਾਰਤ ਫੇਰੀ ਦੌਰਾਨ ਕੁੱਝ ਦਿਨ ਪਾਕਿਸਤਾਨ ਰਹਿ ਕੇ ਆਏ ਹਨ, ਨੇ ਪਾਕਿਸਤਾਨ ਬਾਰੇ ਆਪਣੇ ਪ੍ਰਭਾਵ ਦੂਜੇ ਮੈਂਬਰਾਂ ਨਾਲ ਸਾਂਝੇ ਕੀਤੇ।

ਸੁਖਦੇਵ ਹੁੰਦਲ
(ਸੈਕਟਰੀ)



# ਪ੍ਰੋਫੈਸਰ ਮੋਹਨ ਸਿੰਘ

ਪੰਜਾਬੀ ਦੇ ਹਰਮਨ ਪਿਆਰੇ ਕਵੀ ਪ੍ਰੋ: ਮੋਹਨ ਸਿੰਘ ਦੀ ਮੌਤ 3 ਮਈ 1978 ਨੂੰ ਹੋ ਗਈ ਸੀ। ਅਸੀਂ ਉਹਨਾਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਉਹਨਾਂ ਦੀਆਂ ਅਗਾਂਹ-ਵਧੂ ਰਚਨਾਵਾਂ ਪੇਸ਼ ਕਰਦੇ ਹਾਂ।

## ਕ੍ਰਾਂਤੀ

ਆਖਿਆ ਸਾਨੂੰ ਰੂਮ ਦੇ ਵੱਡੇ ਮੌਲਾਣੇ,
"ਅਸਲੋਂ ਗੂੰਗੇ, ਅੰਨ੍ਹੇ ਤੇ ਬੋਲੇ ਹੋ ਜਾਉ।"
"ਏਥੇ ਦੋਜ਼ਖ ਕਟ ਲਉ" ਬੁਲ੍ਹੇ ਫਰਮਾਇਆ,
"ਅੱਗੇ ਮੌਜ ਬਹਾਰ ਲੱਖ ਝੋਲੀ ਵਿਚ ਪਾਉ।"

"ਮਰਨੋਂ ਅੱਗੇ ਮਰ ਰਹੋ" ਕਹਿ ਗਏ ਸਧੂਤੇ,
"ਮਸ਼ਟ ਮਾਰ ਦਿਨ ਕਟ ਲਵੋ" ਪਏ ਕਹਿਣ ਦੀਵਾਨੇ।
"ਰੋਗ, ਗ਼ਰੀਬੀ ਭੁੱਖ ਦੀ ਨਾ ਕਰੋ ਸ਼ਿਕਾਇਤ,
ਚਾਰ ਦਿਹਾੜਾਂ ਕੱਟ ਲਉ ਰਹਿ ਅੰਦਰ ਭਾਣੇ।"

ਜਦ ਵੀ ਛੱਤ ਯਕੀਨ ਦੀ ਡਿੱਗਣ 'ਤੇ ਆਈ,
ਦਿੱਤਾ ਕਰਮ-ਸਿਧਾਂਤੀਆਂ ਕਰਮਾਂ ਦਾ ਠੁਮ੍ਹਣਾ।
ਸਪ ਮਾਰਨ ਦਾ ਵਲ ਨਾ ਧਰਮਾਂ ਨੇ ਦਸਿਆ,
ਸਗੋਂ ਸਿਖਾਇਆ ਮੂੰਹ ਸਦਾ ਸੱਪਾਂ ਦਾ ਚੁੰਮਣਾ।

ਬੀਤਿਆ ਸਾਨੂੰ ਚਮੜਿਆ ਹੈ ਭਖੜੇ ਵਾਂਗੂੰ,
ਗ਼ਲਤ ਕੀਮਤਾਂ ਹੇਠ ਹੈ ਸਾਹ ਘੁਟਦਾ ਜਾਂਦਾ।
ਧਰ ਕੇ ਇਸ ਨੂੰ ਕੱਢ ਦਿਉ ਜੇ ਬੂਹੇ ਵਿਚੋਂ,
ਬਾਰੀ 'ਚੋਂ ਫਿਰ ਕੁੱਦ ਕੇ ਇਹ ਅੰਦਰ ਆਂਦਾ।

ਮੂੰਹ ਭਰ ਕੇ ਮੈਂ ਬੇਲੀਓ ਇਹ ਮੂਲ ਨਾ ਆਖਾਂ —
ਕੁੱਖ ਬੀਤੇ ਦੀ ਬਾਂਝ ਤੇ ਬੰਜਰ ਹੈ ਸਾਰੀ।
ਪਰ ਭਰਮਾਂ ਤੇ ਸੰਸਿਆਂ ਦੇ ਮਲਬੇ ਥੱਲੋਂ,
ਕਢਣੀ ਪੈਣੀ ਸਾਥੀਓ ਸਾਨੂੰ ਚੰਗਿਆੜੀ।

ਵਰਤਮਾਨ ਗਲ ਪਾਉ ਨਾ ਬੀਤੇ ਦੇ ਲੀੜੇ,
ਅੱਜ ਲਈ ਇਹ ਸਾਥੀਓ ਸੌੜੇ ਤੇ ਥੋੜੇ।
ਬਾਲਪਨ 'ਚੋਂ ਨਿਕਲ ਕੇ ਜਦ ਚੜ੍ਹੇ ਜਵਾਨੀ,
ਸੁੱਟਣੇ ਪੈਂਦੇ ਨੁੱਕਰੇ ਬਚਗਾਨੇ ਜੋੜੇ।

ਕੱਲਿਆਂ ਕੱਲਿਆਂ ਸਾਥੀਓ ਇਹ ਹਟੇ ਨਾ ਮਲਬਾ,
ਕੱਲਿਆਂ ਲੇਖੇ ਮੁੱਕਣ ਨਾ ਤੇ ਫਟਣ ਨਾ ਵਹੀਆਂ।
ਕੱਲੇ ਤੋਂ ਨਾ ਢਠਣ ਇਹ ਬੁੱਢੀਆਂ ਸੰਸਥਾਵਾਂ,
ਧੂੜ ਇਹਨਾਂ ਦੀ ਪੁਟਣੀ ਕ੍ਰਾਂਤੀ ਦੀਆਂ ਕਹੀਆਂ।

ਘੋਲ ਬਿਨਾਂ ਨਾ ਸਾਥੀਓ ਜੀਵਨ ਰੌ ਵੱਧੇ,
ਮੈਲ ਨਾ ਬਾਹਰ ਸੁੱਟਦੇ ਨੇ ਪਾਣੀ ਸੁੱਤੇ।
ਪਰ ਜਦ ਆਵਣ ਜੋਸ਼ ਵਿਚ ਸਾਗਰ ਦੀਆਂ ਛੱਲਾਂ,
ਸੁੱਟਣ ਘੋਗੇ ਫ਼ਾਲਤੂ ਕੰਢਿਆਂ ਦੇ ਉੱਤੇ।

ਲੋਹਾ ਕਦੀ ਮਨੂਰ ਤੋਂ ਨਾ ਵੱਖਰਾ ਹੋਵੇ,
ਜਦ ਤਕ ਸੁਅਲੇ ਰੱਤਿਉਂ ਨਾ ਹੋਵਣ ਬੱਗੇ।
ਹੋਂਦੀ ਨਹੀਂ ਸਮਾਜ ਦੀ ਦੇਹ ਕਦੀ ਨਰੋਈ,
ਜਦੋਂ ਤੀਕ ਨਾ ਜੁੱਸਿਉਂ ਰੱਤ ਗੰਦੀ ਵਗੇ।

ਬਾਝ ਸੁਹਾਗੇ ਭੋਂ ਕਦੀ ਨਾ ਪਧਰੀ ਹੋਵੇ,
ਬਾਝ ਕਰਾਹਾਂ ਟਿੱਬਿਆਂ ਦੀ ਢਹੇ ਨਾ ਢੇਰੀ।
ਆਖਿਆ ਸੱਚ ਸਿਆਣਿਆਂ ਭੋਂ ਹੋਏ ਨਾ ਗੱਭਣ,
"ਜਦ ਤੱਕ ਝੁਲੇ ਨਾ ਜਗ 'ਤੇ ਬੀ-ਭਰੀ ਹਨੇਰੀ।"

ਲੱਖ ਬਾਹਾਂ ਵਿਚ ਆਉਂਦਾ ਜਦ ਇਕੋ ਹੁਲਾਰਾ,
ਲੱਖ ਬੁੱਲ੍ਹਾਂ 'ਤੇ ਬੋਲਦਾ ਜਦ ਇਕੋ ਸੁਨੇਹੜਾ।
ਲੱਖ ਨੈਣਾਂ ਵਿਚ ਲਟਕਦਾ ਜਦ ਇੱਕੋ ਸੁਫ਼ਨਾ,
ਭਰਦਾ ਨਾਲ ਸੁਗੰਧ ਦੇ ਜੀਵਨ ਦਾ ਵਿਹੜਾ।

## ਦੋ ਟੋਟਿਆਂ ਦੇ ਵਿਚ ਭੋਂ ਟੁੱਟੀ

ਦੋ ਟੋਟਿਆਂ ਦੇ ਵਿਚ ਭੋਂ ਟੁੱਟੀ,
ਇਕ ਮਹਿਲਾਂ ਦਾ ਇਕ ਢੋਕਾਂ ਦਾ।
ਦੋ ਧੜਿਆਂ ਵਿਚ ਖ਼ਲਕਤ ਵੰਡੀ,
ਇਕ ਲੋਕਾਂ ਦਾ ਇਕ ਜੋਕਾਂ ਦਾ।

ਕੋਈ ਵੇਲਾ ਸੀ ਵੰਡਕਾਰਾਂ ਨੇ
ਦੁਨੀਆਂ ਨੂੰ ਪਾੜਿਆ ਵੰਡਿਆ ਸੀ।
ਵਿੱਥਾਂ ਵਿਚ ਵਿੱਥਾਂ ਹੋਰ ਵਧਾ,
ਜਨਤਾ ਨੂੰ ਡਾਢਾ ਤੁੰਬਿਆ ਸੀ।

ਕੁਝ ਪਾਈਆਂ ਵਿੱਥਾਂ ਵਰਨ ਦੀਆਂ
ਕੁਝ ਵਾਹੀਆਂ ਲੀਕਾਂ ਧਰਮ ਦੀਆਂ,
ਫਿਰ ਕੰਧਾਂ ਕਰਮ ਕੁਕਰਮ ਦੀਆਂ,
ਫਿਰ ਧੁੰਧਾਂ ਅੰਨ੍ਹੇ ਭਰਮ ਦੀਆਂ।

ਫਿਰ ਵਿੱਥਾਂ ਲਿਪੀ ਜ਼ਬਾਨ ਦੀਆਂ,
ਫਿਰ ਪਹਿਰਾਵੇ ਤੇ ਵੇਸ ਦੀਆਂ,
ਫਿਰ ਸਭਿਤਾ, ਸਭਿਆਚਾਰ ਦੀਆਂ
ਫਿਰ ਦੇਸ ਅਤੇ ਪਰਦੇਸ ਦੀਆਂ।

ਜਨਤਾ ਨੂੰ ਥਹੁ ਨਾ ਲਗਣ ਦਿਤਾ
ਇਹਨਾਂ ਜਾਦੂਗਰ ਵਿੱਥਕਾਰਾਂ ਨੇ,
ਅਸਲੀਅਤ ਵਿਚ ਨੇ ਦੋ ਵਿੱਥਾਂ,
ਬਾਕੀ ਸਭ ਕੂੜੀਆਂ ਪਾੜਾਂ ਨੇ।

ਕੁਝ ਚੇਤਨ ਸ਼ੇਰ-ਜਵਾਨਾਂ ਨੇ,
ਵਿੱਥਕਾਰਾਂ ਤਾਈਂ ਵੰਗਾਰਿਆ ਜਦ,
ਛਾਈਂ ਮਾਈਂ ਕਰ ਵਿੱਥਾਂ ਨੂੰ,
ਅਸਲੀਅਤ ਤਾਈਂ ਉਘਾੜਿਆ ਜਦ।

ਤਦ ਕਿਰਤੀ ਤੇ ਕਿਰਸਾਣ ਉੱਠੇ,
ਕਾਲੀ ਤੇ ਬੋਲੀ ਰਾਤ ਮੁਕੀ,
ਟੱਲ ਗਈ ਮਨੀਜੀ ਲੋਕਾਂ ਦੀ
ਤੇ ਸਾਮਰਾਜ ਦੀ ਬਾਤ ਮੁਕੀ।

# ਬਾਵਾ ਬਲਵੰਤ

ਪੰਜਾਬੀ ਜ਼ਬਾਨ ਦੇ ਅਸਲੀ ਅਰਥਾਂ ਵਿਚ, ਲੋਕ-ਕਵੀ ਬਾਵਾ ਬਲਵੰਤ ਦੀ ਗਰੀਬ ਹਾਲਤ ਵਿਚ, 24 ਜੂਨ 1972 ਨੂੰ ਮੌਤ ਹੋ ਗਈ ਸੀ। ਉਹਨਾਂ ਦੀ ਯਾਦ ਨੂੰ ਸਮਰਪਿਤ ਉਹਨਾਂ ਦੀਆਂ ਦੋ ਕਵਿਤਾਵਾਂ ਹਾਜ਼ਰ ਹਨ।



## ਪੱਥਰਾਂ ਤੋਂ ਬਣਦੀ ਵਿਸ਼ਾਲ ਇਮਾਰਤ ਦੇਖ ਕੇ –

ਪਹਾੜ ਮੋਮ ਕਰੇ ਜਿਸ ਦੇ ਹੱਥ ਦਾ ਜਾਦੂ,
ਸਿਲਾਂ ਨੂੰ ਜੋੜਦੀ ਜਾਏ ਜਿਦੇ ਲਹੂ ਦੀ ਸਰੇਸ਼,
ਕਰਮ ਤੋਂ ਓਸ ਦੇ ਇਕ ਚਮਕ ਦਾ ਖ਼ਿਆਲ ਆਇਆ,
ਹੁਨਰ ਤੋਂ ਜਿਸ ਦੇ ਬਣੀ ਜਾ ਰਹੇ ਨੇ ਸੁੰਦਰ ਦੇਸ਼ :
"ਮੁਸੀਬਤਾਂ ਤੋਂ ਕਦੇ ਡਰਦੀਆਂ ਨਹੀਂ ਆਸਾਂ,
ਇਹ ਬੇੜੀਆਂ ਕਿ ਤੂਫ਼ਾਨਾ ਤੇ ਡਰਦੀਆਂ ਨੇ ਹਮੇਸ਼।"

(ਦਿੱਲੀ)

## ਦੁਨੀਆਂ

ਕੋਈ ਮਾਣ ਕੇ ਏਸ ਦੁਨੀਆਂ ਦੇ ਦੁੱਖ-ਸੁੱਖ
ਗਿਆ ਕਹਿ ਕੇ ਆਖ਼ਰ ਕਿ ਸੁਪਨਾ ਹੈ ਦੁਨੀਆਂ,
ਕਲਪਨਾ ਦਾ ਰੋਣਾ ਤੜਪਨਾ ਹੈ ਦੁਨੀਆਂ।
ਉਹ ਖਾਂਦਾ ਰਿਹਾ ਧਰਤ ਦਾ ਅੰਨ-ਦਾਣਾ,
ਰਿਹਾ ਧਰਤ ਹੀ ਤੇ ਉਹ ਵੱਸਦਾ ਸਿਆਣਾ;
ਰਿਹਾ ਜ਼ਿੰਦਾ ਦੁਨੀਆਂ ਦਾ ਹੀ ਪੀ ਕੇ ਪਾਣੀ,
ਬਣੇ ਉਸ ਦੇ ਆਪਣੇ ਵੀ ਇਹ ਜਗਤ-ਪ੍ਰਾਣੀ।
ਕਿਵੇਂ ਸਮਝੀਏ ਜੱਗ ਧੂੰਆਂ ਹੀ ਧੂੰਆਂ ਹੈ ?
ਕੋਈ ਆਖਦਾ ਏ, "ਧੂੰਆਂ ਹੈ ਇਹ ਦੁਨੀਆਂ"।
ਕੋਈ ਕਹਿ ਗਿਆ, "ਕਲਪਨਾ ਹੈ ਇਹ ਦੁਨੀਆਂ"।

ਕੋਈ ਧਰਤ-ਮਾਤਾ ਤੇ ਸੌ ਸਾਲ ਜੀ ਕੇ,
ਦਰੱਖ਼ਤਾਂ ਦੇ ਫਲ, ਸ਼ਹਿਦ ਤੇ ਸ਼ੀਰ ਪੀ ਕੇ;
ਕਲਮ ਤੇ ਸਿਆਹੀ ਪ੍ਰਿਥਵੀ ਤੋਂ ਲੈ ਕੇ,
ਗਿਆ ਫੇਰ ਦੁਨੀਆਂ ਨੂੰ ਲਿਖ ਕੇ ਤੇ ਕਹਿ ਕੇ,
"ਇਹ ਝੂਠੀ ਹੈ ਦੁਨੀਆਂ, ਕੋਈ ਦਿਨ ਦੀ ਦੁਨੀਆਂ,
"ਕੋਈ ਪਲ ਦਾ ਜੀਵਨ, ਕੋਈ ਛਿਣ ਦੀ ਦੁਨੀਆਂ।"
ਸਦਾ ਏਸ ਦੁਨੀਆ ਦੇ ਆਨੰਦ ਲੈ ਕੇ,
ਕੋਈ ਕਹਿ ਗਿਆ "ਇਕ ਸਾਇਆ ਹੈ ਦੁਨੀਆਂ।"
ਕਈ ਯਾਦਗਾਰਾਂ ਜਗਤ ਤੇ ਬਣਾ ਕੇ,–
ਕੋਈ ਕਹਿ ਗਿਆ, 'ਸਿਰਫ਼ ਮਾਇਆ ਹੈ ਦੁਨੀਆਂ।'
"ਅਸਲ ਹੋਰ ਹੈ ਇਕ ਧੋਖਾ ਹੈ ਦੁਨੀਆਂ",
ਕੋਈ ਕਹਿ ਗਿਆ, "ਵਾ ਦਾ ਝੋਕਾ ਹੈ ਦੁਨੀਆਂ।"

### ੨

ਹਜ਼ਾਰਾਂ ਹੀ ਸਾਲਾਂ ਤੋਂ ਇਹ ਕਹਿਣ ਵਾਲੇ
ਕਈ ਤੁਰ ਗਏ ਪਰ ਇਹ ਬਾਕੀ ਹੈ ਦੁਨੀਆਂ।
ਉਹ ਤੱਤਾਂ ਦੀ ਕੁਝ ਅਸਲੀਅਤ ਹੀ ਨ ਸਮਝੇ,
ਜੋ ਕਹਿੰਦੇ ਰਹੇ, "ਫ਼ਾਨੀ ਖ਼ਾਕੀ ਹੈ ਦੁਨੀਆਂ।"
ਬੜੇ ਪੇਚ ਖਾ-ਖਾ ਕੇ ਚਲਦੀ ਏ ਦੁਨੀਆਂ,
ਇਹ ਮਰਦੀ ਨਹੀਂ ਪਰ ਬਦਲਦੀ ਏ ਦੁਨੀਆਂ।
ਹੈ ਬਦਲੀ ਦਾ ਦਿਨ ਜ਼ਿੰਦਗੀ ਦਾ ਸਵੇਰਾ;
ਨਹੀਂ ਮੌਤ ਦਾ ਜਗਤ-ਜੀਵਨ ਹਨੇਰਾ।
"ਜਗਤ ਕੁਝ ਨਹੀਂ" ਇਹ ਸ਼ਬਦ ਕਹਿਣ ਵਾਲਾ,
ਪੈਗ਼ੰਬਰ ਜਾਂ ਹੋਵੇ ਕੋਈ ਅੱਲਾ-ਤਾਲਾ,
ਕੋਈ ਪੀਰ ਹੋਵੇ ਕਿ ਅਵਤਾਰ ਹੋਵੇ,
ਰਿਸ਼ੀ ਹੋਵੇ ਭਾਵੇਂ ਕਲਾਕਾਰ ਹੋਵੇ,
ਉਹ ਅਨਜਾਣੇ, ਜਾਣੇ ਹੈ ਸ਼ਾਹਾਂ ਦਾ ਸਾਥੀ,
ਗ਼ਰੀਬੀ, ਗ਼ੁਲਾਮੀ ਵਧੀ ਏਸ ਤੋਂ ਹੀ।

### ੩

ਹਕੀਕਤ ਹੈ ਦੁਨੀਆਂ ਸਚਾਈ ਹੈ ਦੁਨੀਆਂ।
ਮਨੁਖਾਂ ਦੀ ਮਿਹਨਤ ਤੇ ਜੀਵਨ ਦੀ ਚਾਹ ਨੇ,
ਸਗੋਂ ਹੋਰ ਸੁਹਣੀ ਬਣਾਈ ਹੈ ਦੁਨੀਆਂ।
ਹਕੀਕਤ ਹੈ ਸੂਰਜ ਹਕੀਕਤ ਹੈ ਪਾਣੀ,
ਹਕੀਕਤ ਹੈ ਮਾਦੇ ਦੀ ਹਰਕਤ ਰਵਾਨੀ;
ਹਕੀਕਤ ਹੈ ਖੇਤਾਂ ਦਾ ਕਣਕਾਂ ਉਗਾਣਾ,
ਹਕੀਕਤ ਹੈ ਤੱਤਾਂ ਦਾ ਇਹ ਕਾਰਖ਼ਾਨਾ।
ਹੈ ਮਾਦਾ ਤੇ ਮਾਦੇ ਦੀ ਹਰਕਤ ਅਨਾਦੀ;
ਅਕਲ, ਰੂਹ, ਮਨੁੱਖ ਸਭ ਨੇ ਇਸ ਦੀ ਅਬਾਦੀ।
ਨਾ ਸੁਪਨਾ, ਨਾ ਕੋਈ ਹਵਾਈ ਹੈ ਦੁਨੀਆਂ,
ਨਾ ਧੋਖਾ ਨਾ ਕੋਈ ਬੁਰਾਈ ਹੈ ਦੁਨੀਆਂ;
ਹਕੀਕਤ ਹੈ ਦੁਨੀਆਂ, ਸਚਾਈ ਹੈ ਦੁਨੀਆਂ;

(ਅੰਮ੍ਰਿਤਸਰ)

# ਅੰਤਰ

—ਸ਼ਮਸ਼ੇਰ ਭੱਟੀ

ਉਹਦੀ ਅੱਖ ਖੁੱਲ੍ਹੀ। ਕੁੱਝ ਗੁਆਚਿਆ ਲੱਗਾ। ਉਹਨੇ ਆਸੇ ਪਾਸੇ ਤੱਕਿਆ। ਬਿਸਤਰਾ ਖਾਲੀ ਸੀ। ਸੀਤਲ ਕੰਮ ਤੇ ਜਾ ਚੁੱਕਾ ਸੀ। ਘੜੀ ਦੇਖ ਕੇ ਉਹ ਤ੍ਰਭਕੀ। ਦਸ ਵੱਜਣ ਵਾਲੇ ਸਨ। ਸੁੱਸਤ ਜਿਹੀ ਅੰਗੜਾਈ ਲਈ। ਲੇਟੀ ਹੋਈ ਕੁੱਝ ਪਲ ਕੁੱਝ ਸੋਚਦੀ ਰਹੀ। ਫਿਰ ਕੂਹਣੀ ਭਾਰ ਹੋ ਉਹਨੇ ਖੱਬੇ ਪਾਸੇ ਸ਼ੀਸ਼ੇ 'ਚ ਤੱਕਿਆ। ਅੱਖਾਂ 'ਚ ਨੀਂਦ ਦੀ ਮੈਲ ਦਿਸੀ। "ਹਾਏ ਹਾਏ" ਅੱਖਾਂ ਦੁਆਲੇ ਕਾਲੀਆਂ ਲਕੀਰਾਂ ਸਿਆਹੀਆਂ ਦੇ ਘੇਰ ਤੱਕ ਉਹਨੇ ਨੱਕ ਸੁਕੇੜਿਆ।

ਰਾਤ ਉਹ ਸੀਤਲ ਦੇ ਗਲ ਬਾਹਾਂ ਪਾ ਸੁੱਤੀ ਸੀ। ਅੱਖ ਖੁੱਲ੍ਹੀ ਤਾਂ ਉਹ ਗਾਇਬ ਸੀ। ਪਤਾ ਹੀ ਨਾ ਲੱਗਾ ਸੀਤਲ ਉਠ ਕੇ ਕਦੋਂ ਕੰਮ ਤੇ ਚਲਾ ਗਿਆ ਸੀ।

'ਸੀਤਲ ਦੀ ਹੁਣ ਬਰੇਕ ਹੋਣ ਵਾਲੀ ਹੋਣੀ ਆ। ਪਤਾ ਨਹੀਂ ਉਹ ਆਪਣਾ ਲੰਚ ਵੀ ਲੈ ਗਿਆ ਹੋਊ ਕਿ ਨਹੀਂ? ਕਿਉਂ ਨਾ ਲੈ ਗਿਆ ਹੋਊ? ਮੈਂ ਵੀ ਤਾਂ ਤਿਆਰ ਕਰਕੇ ਫਰਿਜ 'ਚ ਰੱਖਿਆ ਸੀ। ਦੋ ਸੈਂਡਵਿਚਜ਼ ਤੇ ਫਰੂਟ ਵੀ। ਨਾਲੇ ਉਹਨੂੰ ਦੱਸ ਵੀ ਦਿੱਤਾ ਸੀ। "ਐਸੀ ਗੂੜ੍ਹੀ ਨੀਂਦ! ਹਾਏ ਹਾਏ।" ਰਤਾ ਖੜਾਕ ਵੀ ਨਾ ਕੀਤਾ ਹੋਊ? ਸਵੇਰੇ ਚਾਹ ਵੀ ਪੀਕੇ ਗਿਆ ਕਿ ਨਹੀਂ?'

"ਹੁਣ ਪਤਾ ਲੱਗ ਜਾਊ।" ਝਟ ਨਾਲ ਹੁਲਾਰਾ ਮਾਰ ਉਹ ਬਿਸਤਰੇ 'ਚੋਂ ਉੱਠੀ। ਕਿਚਨ 'ਚ ਗਈ। ਜੈਮ ਵਾਲੀ ਸ਼ੀਸ਼ੀ ਅਤੇ ਚਾਹ ਵਾਲਾ ਜੂਠਾ ਕੱਪ ਡਾਇਨਿੰਗ ਟੇਬਲ ਉਤੇ ਪਿਆ ਦੇਖ ਉਹ ਮੁਸਕਰਾਈ। ਦੋਹਾਂ ਬਾਹਾਂ ਨੂੰ ਸਿਰ ਉੱਤੋਂ ਦੀ ਵਧਾ ਉਹਨੇ ਆਪਣੇ ਸਰੀਰ ਨੂੰ ਅੰਦਰੋਂ ਬਾਹਰੋਂ ਖਿਚਿਆ। ਉਹਦੇ ਬੁੱਲ੍ਹ ਫਰਕੇ "ਚਾਹ ਤਾਂ ਪੀਤੀ ਲਗਦੀ ਆ।" ਸੁੱਤੇ ਸੁੱਧ ਉਹਨੇ ਕੇਤਲੀ 'ਚ ਥੋੜ੍ਹਾ ਹੋਰ ਪਾਣੀ ਪਾ ਪਲੱਗ ਲਗਾ ਦਿੱਤੀ।

ਉਹ ਵਾਸ਼ਰੂਮ 'ਚ ਗਈ। ਦੰਦ ਸਾਫ਼ ਕੀਤੇ। ਵਾਲਾਂ ਨੂੰ ਸੁਆਰਿਆ ਤੇ ਕਿਚਨ 'ਚ ਆ ਚਾਹ ਬਣਾਈ। ਦੋ ਕੁਰਸੀਆਂ ਤੇ ਲੱਤਾਂ ਪਸਾਰ ਚਾਹ ਪੀਣ ਲੱਗੀ। ਦੋ ਹੱਥਾਂ ਦੀ ਕੰਘੀ ਬਣਾ ਉਹਨੇ ਸਿਰ ਘੁੱਟਿਆ। ਬੈਠੀ ਰਹੀ।

'ਕਿਹੜਾ ਉਹਨੇ ਅੱਜ ਕੰਮ ਤੇ ਜਾਣਾ ਸੀ— ਤਾਂਹੀਉਂ ਸੀਤਲ ਨੇ ਵੀ ਨਹੀਂ ਜਗਾਇਆ। ਬੇਸ਼ਕ ਥੋੜ੍ਹਾ ਹੋਰ ਸੌਂ ਲੈਂਦੀ।' ਅਜੇ ਵੀ ਸੁਸਤੀ ਮਹਿਸੂਸ ਕਰਦੀ ਸੌਣ ਦੇ ਖਿਆਲ ਨਾਲ ਉਹ ਉੱਠੀ। 'ਸ਼ਾਇਦ ਸੀਤਲ ਦਾ ਫੋਨ ਹੀ ਆ ਜਾਏ। ਬਰੇਕ ਹੋ ਚੁੱਕੀ ਹੋਣੀ ਆ।' ਸੋਚਦੀ ਉਹ ਮੁੜ ਕੁਰਸੀ ਤੇ ਬੈਠ ਗਈ। ਅੱਧੀ ਕੁ ਚਾਹ ਪੀਤੀ ਸੀ। ਟੈਲੀਫੂਨ ਦੀ ਘੰਟੀ ਵੱਜੀ। "ਸੀਤਲ ਦਾ ਹੀ ਹੋਣਾ", ਉਹ ਫੂਨ ਤੇ ਝਪਟੀ। ਪਹਿਲੀ ਘੰਟੀ ਤੇ ਹੀ ਉਹਨੇ ਟੈਲੀਫੂਨ ਚੁੱਕ ਲਿਆ ਸੀ।

"ਹੈਲੋ....।"

- - - - - - - -

"ਨਹੀਂ ਜਾਨ ਚਾਹ ਪੀਂਦੀ ਹਾਂ।"

- - - - - - - -

"ਉਂਮ-ਉਂਮ -- ਮੈਂ ਨੀ ਜਾਣਾ ਕੱਲੀ ਨੇ।"

- - - - - - - -

"ਨਾ...ਅ...ਹੀ-।"

- - - - - - - -

"ਨਹੀਂ ਜਾਨ ਕੱਠੇ ਹੀ ਚਲਾਂਗੇ।"

" - - - - - - - -

"ਨ..ਅ..ਹੀ...।"

- - - - - - - -

"ਓ.ਕੇ....।"

- - - - - - - -

"ਓ. ਕੇ. ਬਾਈ ਜਾਨ...।"

"ਮਜ਼ਦੂਰ ਦਿਹਾੜਾ" ਟੈਲੀਫੂਨ ਰੱਖਦੀ ਉਹ ਸੀਤਲ ਬਾਰੇ ਸੋਚਣ ਲੱਗੀ। "ਮੈਂ ਇਕ ਮਜ਼ਦੂਰ ਦੀ ਜ਼ਿੰਦਗੀ ਜਿਊਂਦਾ ਹਾਂ।" ਆਪਣੇ ਦਿਲੋਂ ਉਹਨੇ ਸੀਤਲ ਦੀ ਸਾਂਗ ਲਾਹੀ। ਉਹਨੂੰ ਯਾਦ ਸੀ, ਪਾਪਾ ਜੀ ਨੂੰ ਉਹਨੇ ਇਹ ਹੀ ਜਵਾਬ ਦਿੱਤਾ ਸੀ। ਜਦੋਂ ਪਹਿਲੇ ਦਿਨ ਉਹਨੇ ਸੀਤਲ ਨੂੰ

ਦੇਖਿਆ ਸੀ। "ਇਹੋ ਜਵਾਬ ਦਿੱਤਾ ਸੀ ਪਾਪਾ ਜੀ ਨੂੰ। ਅਮਰੀਕਾ ਕੈਨੇਡਾ 'ਚ ਕਿਹੋ ਜਿਹੇ ਮਜ਼ਦੂਰ ਹੁੰਦੇ ਹਨ? ਪਾਪਾ ਜੀ ਨੇ ਇਹ ਸੋਚਣ ਦੀ ਕੋਸ਼ਿਸ਼ ਵੀ ਨਾਂ ਕੀਤੀ। ਕੋਈ ਮੈਂ ਮੈਂ ਤੂੰ ਤੂੰ ਵੀ ਨਾ ਹੋਈ। ਝੱਟ ਫ਼ੈਸਲਾ ਹੋ ਗਿਆ ਸੀ ਵਿਆਹ ਦਾ।"

'ਉਦੋਂ ਉਹਨੂੰ ਆਪ ਨੂੰ ਵੀ ਤਾਂ ਪਤਾ ਨੀ ਕੀ ਸੁਹਣਾ ਲੱਗਾ ਸੀ। ਇਕ ਹੱਥ ਜੇਹੀ ਸ਼ਖ਼ਸੀਅਤ ਦੇ ਦੋ ਲਫ਼ਜ਼ਾਂ ਨੇ ਉਹਦੇ ਜਜ਼ਬਿਆਂ ਤੇ ਅਰਮਾਨਾਂ ਤੇ ਕੀ ਪੱਥਰ ਧਰ ਦਿੱਤਾ ਸੀ? ਕਿਸ ਜਾਦੂ ਨਾਲ ਕੀਲ ਲਿਆ ਸੀ ਇਕ ਲਫ਼ੱਟ ਜਿਹੀ ਮੁਟਿਆਰ ਨੂੰ। ਉਹ ਆਪਣੀ ਸੋਚ ਤੇ ਥੋੜ੍ਹਾ ਮੁਸਕਰਾਈ। 'ਕੋਈ ਗੱਲ ਹੁੱਜਤ ਵੀ ਤਾਂ ਨਹੀਂ ਸੀ ਕੀਤੀ। ਵਿਆਹ ਕਰ ਲਿਆ ਸੀ ਝੱਟ। ਪਰ ਹੁਣ ਵੀ ਉਹਦੇ 'ਚ ਕੀ ਘਾਟ ਆ? ਕੀ ਔਖ ਆ? ..... ਕੋਈ ਵੀ ਨਾਂ।

ਕੁਰਸੀ 'ਤੋਂ ਉੱਠੀ। ਚਾਹ ਦਾ ਕੱਪ ਫੜੀ ਉਹ ਲਿਵਿੰਗ ਰੂਮ ਵਿਚਕਾਰ ਆ ਰੁਕੀ। ਬਾਹਰ ਗੁਆਂਢੀਆਂ ਦੇ ਗੋਭਲੇ ਗੋਭਲੇ ਨਿਆਣੇ ਖੇਲ ਰਹੇ ਸਨ ਸੜਕ 'ਤੇ। ਨਿਆਣਿਆਂ ਨੂੰ ਤੱਕਦੀ ਆਪਣੇ ਖ਼ਿਆਲਾਂ 'ਚ ਗਈ। ਅਚਾਨਕ ਜਦੋਂ ਦੋ ਪੰਛੀ ਲੜਦੇ ਲੜਦੇ ਬਾਰੀ ਅੱਗੋਂ ਉਡਦੇ ਲੰਘੇ। ਉਹਦੀ ਲੀਹ ਟੁੱਟੀ। ਬਾਰੀ ਵੱਲ ਵਧੀ। ਪੰਛੀ ਦੂਰ ਜਾ ਰਹੇ ਸਨ। 'ਕਿਹੜੇ ਹੋਣਗੇ ਇਹ ਪੰਛੀ? ਘੁੱਗੀਆਂ, ਕਬੂਤਰ ਜਾਂ ਕਾਂ ਹੀ ਸ਼ਾਇਦ? ਜਾਂ ਤਾਂ ਉਹ ਪਛਾਣ ਸਕਦੀ ਆ, ਘੁੱਗੀਆ ਕਬੂਤਰ ਵੀ। ਇੱਥੇ ਦੇ ਵੀ ਆ। ਮੈਨੂੰ ਕਿਹੜੀ ਕੋਈ ਪਛਾਣ ਹੈ ਬਹੁਤੀ ਇੱਥੋਂ ਦੇ ਪਸ਼ੂ ਪੰਛੀਆਂ ਵਾਰੇ। ਅਖ਼ਿਰਿਆ ਕਿਹੜੇ ਹੋਣ?' ਦੂਰ ਜਾਂਦੇ ਪੰਛੀਆਂ ਨੂੰ ਦੇਖਦੀ ਅਚਾਨਕ ਉਹਦੀਆਂ ਅੱਖਾਂ ਉੱਚੀ ਪਹਾੜੀ ਨਾਲ ਟਕਰਾਈਆਂ। ਚਿੱਟੀ ਚਿੱਟੀ ਬਰਫ਼ ਉਹਨੂੰ ਅੱਖਾਂ ਚੁੰਧਿਆਉਂਦੀ ਲੱਗੀ। ਦਰਖ਼ਤਾਂ ਵਿਚਕਾਰ ਬਣੇ ਹੋਏ ਮਕਾਨ ਉਹਨੂੰ ਛੋਟੇ ਛੋਟੇ ਖਿਡੂ ਜਹੇ ਜਾਪੇ।

'ਦੇਖਣ ਨੂੰ ਬੱਸ ਹਾਸਾ ਲੱਗਦੇ ਆ ਇਹ ਪਹਾੜ। ਜਾਂਦੇ ਤਾਂ ਪੂਰਾ ਪੱਕਾ ਔਖਾ ਲੱਗ ਜਾਂਦਾ। ਪਿਛਲੀਆਂ ਗਰਮੀਆਂ ਉਹ ਸੀਤਲ ਨਾਲ ਉੱਥੇ ਗਈ ਸੀ। ਸਕਾਈਗਾਇਡ ਤੇ ਉਹਨਾਂ ਕੱਠਿਆਂ ਸਵਾਰੀ ਕੀਤੀ ਸੀ। ਡਰ ਗਈ ਸੀ ਉਹ ਥੱਲੇ ਵੱਲ ਦੇਖ ਕੇ। ਥੱਲੇ ਤੁਰੇ ਫਿਰਦੇ ਲੋਕ ਉਹਨੂੰ ਕੀੜਿਆਂ ਜਾੜਿਆਂ ਵਾਂਗ ਲੱਗਦੇ ਸਨ। "ਹਾਏ ਹਾਏ ਰੱਬ ਨਾ ਕਰੇ ਕੋਈ ਡਿੱਗ ਪਏ ਤਾਂ ਮਰ ਹੀ ਜਾਏ।" ਡਰਦੀ ਨੇ ਉਹਨੇ ਆਪ ਉਦੋਂ ਸੀਤਲ ਨੂੰ ਜੱਫੀ ਮਾਰ ਲਈ ਸੀ ਅਤੇ ਆਪਣੀਆਂ ਅੱਖਾਂ ਸੀਤਲ ਦੀ ਬਗਲ 'ਚ ਲੁਕੋ ਲਈਆਂ ਸਨ।'

ਚਾਹ ਖਤਮ ਹੋ ਗਈ ਸੀ।

ਉਹ ਮੁੜ ਕਿਚਨ 'ਚ ਆਈ। ਖਾਲੀ ਕੱਪ ਸਿੰਕ 'ਚ ਰੱਖਦਿਆਂ ਉਹਨੂੰ ਫੁਰਫੁਰੀ ਆਈ। ਕਿੰਨੇ ਭਾਂਡੇ ਸਨ ਧੋਣ ਵਾਲੇ। ਸੀਤਲ ਦੇ ਸਾਥੀ ਆਏ ਹੋਏ ਸਨ ਰਾਤੀਂ। ਕਿੰਨੀ ਰਾਤ ਗਈ ਤੱਕ ਉਹ ਗੱਲਾਂ ਕਰਦੇ ਰਹੇ ਸਨ। ਉਹਨਾਂ ਰੋਟੀ ਵੀ ਉੱਥੇ ਹੀ ਖਾਧੀ ਸੀ। ਕੁੱਝ ਦੇਰ ਜੱਕਾਂ ਤੱਕਾਂ ਵਿਚ ਸੋਚਦੀ ਰਹੀ। 'ਕਦੀ ਭਾਂਡੇ ਧੋਤੇ ਸਨ? ਕਦੀ ਰੋਟੀ ਬਣਾਈ ਸੀ? ਇਹ ਉਹਨਾਂ ਦਾ ਕੰਮ ਨਹੀਂ ਸੀ। ਉਹ ਤਾਂ ਸਨ ਕਰਨਲ ਦੀਆਂ ਧੀਆਂ। ਉਹਨਾਂ ਦਾ ਕੰਮ ਸੀ ਖਾਣਾ, ਪੀਣਾ, ਪਹਿਨਣਾ, ਪੜ੍ਹਨਾ, ਪਾਰਟੀਆਂ ਤੇ ਜਾਣਾ। ਕੰਮ ਕਾਰ ਕਰਦੀ ਸੀ ਉਹਨਾਂ ਦੀ ਜੁੱਤੀ।'

ਹੋਰ ਦੋ ਮਹੀਨਿਆਂ ਨੂੰ ਦੋ ਸਾਲ ਹੋ ਜਾਣੇ ਸਨ ਉਹਨੂੰ ਇੱਥੇ ਆਇਆਂ। ਸ਼ੁਰੂ ਸ਼ੁਰੂ 'ਚ ਤਾਂ ਲੜਾਈ ਝਗੜਾਈ ਰਹੀ। ਉਹ ਸੀਤਲ ਨੂੰ ਰੋਕਦੀ, ਸੀਤਲ ਆਪਣੀ ਤੋਰੇ ਤੁਰਿਆ ਰਿਹਾ। ਕਦੀ ਕਦੀ ਉਹ ਹੱਸ ਛੱਡਦਾ ਤੇ ਉਹਨੂੰ ਪੁੱਛਦਾ "ਤੂੰ ਹੀ ਦੱਸ ਮੇਰੇ 'ਚ ਕੀ ਔਖ ਹਨ?" "ਮੈਨੂੰ ਨੀ ਪਤਾ।" ਉਹ ਥੋੜ੍ਹਾ ਜਿਹਾ ਜਵਾਬ ਦਿਆ ਕਰੇ। "ਆਦਮੀ ਕਿਸੇ ਚੀਕਮੌਡ ਪਿਕਚਰ ਲੈ ਜਾਏ। ਕਦੀ ਹੋਟਲ ਤੇ ਰੋਟੀ ਹੀ ਖੁਆ ਲਿਆਏ।"

"ਮੈਂ ਤੈਨੂੰ ਕਦੀ ਰੋਕਿਆ।" ਸੀਤਲ ਦਾ ਇਹੀ ਜਵਾਬ ਹੁੰਦਾ।

ਉਹ ਸਿੰਕ ਕੇ ਕੋਲ ਰੁਕ ਜਾਂਦੀ। ਉਹਨੂੰ ਆਪਣੇ ਆਪ ਤੇ ਹਾਸਾ ਆਇਆ। ਬਥੇਰਾ ਕਲਪੀ ਸੀ। ਆਏ ਮਹੀਨੇ ਤਨਖਾਹ ਦਾ ਕਿੰਨਾ ਹਿੱਸਾ ਮਜ਼ਦੂਰ ਪਾਰਟੀ ਦੇ ਫੰਡ ਲਈ ਦੇ ਆਉਂਦਾ। ਬਥੇਰੀ ਲੜਾਈ ਕੀਤੀ ਸੀ। ਸੀਤਲ ਸੀ, ਨਾ ਬਦਲਿਆ। ਪਰ ਉਹ ਆਪ ਬਦਲ ਗਈ।' ਉਹ ਸੋਚਦੀ ਮੁਸਕਰਾਈ। 'ਹੁਣ ਤਾਂ ਉਹ ਆਪ ਉਹਦੇ ਨਾਲ ਉੱਥੇ ਜਾਂਦੀ ਆ। ਆਪਣੀ ਤਨਖਾਹ ਚੋਂ ਪਾਰਟੀ ਨੂੰ ਹਮੇਸ਼ਾ ਹਿੱਸਾ ਦਿੰਦੀ ਆਂ। ਇਨਕਲਾਬੀ ਗੀਤ ਗਾਉਂਦੀ ਆਂ।"

ਭਾਂਡੇ ਸਾਫ਼ ਕਰਨ ਤੋਂ ਬਾਅਦ ਉਹ ਆਪਣੇ ਸੌਣ ਕਮਰੇ 'ਚ ਆਈ। ਆਦਮ ਕੱਦ ਸ਼ੀਸ਼ੇ ਅੱਗੇ ਖੜ੍ਹੀ ਆਪਣੇ ਵਾਲਾਂ ਦਾ ਜੂੜਾ ਕਰਦੀ ਸਰੀਰ ਨਿਹਾਰਦੀ ਰਹੀ। ਆਪਣੇ ਪੇਟ ਤੇ ਹੱਥ ਫੇਰਦੀ ਉਹ ਮੁਸਕਰਾਈ। ਉਹਦਾ ਪ੍ਰਤੀਬਿੰਬ ਵੀ ਮੁਸਕਰਾਇਆ। ਪ੍ਰਤੀਬਿੰਬ ਨੂੰ ਚਿੜਾਉਣ ਲਈ ਉਹ ਨੱਕ ਚੜ੍ਹਾ ਕਰ ਅੱਗੇ ਵਧੀ। ਉਹਦਾ ਪ੍ਰਤੀਬਿੰਬ ਉਸੇ ਤੇਜ਼ੀ ਨਾਲ ਉਹਦੇ ਵੱਲ ਵਧਿਆ। ਅੰਗੂਠਾ ਖੜ੍ਹਾ ਕਰ ਉਹਨੇ ਆਪਣੇ ਪ੍ਰਤੀਬਿੰਬ ਨੂੰ ਟੀਟ ਬੁਗਾਈ। ਵਾਪਸੀ ਜਵਾਬ ਪਾ ਉਹ ਖਿੜਖਿੜਾ ਹੱਸੀ ਅਤੇ ਹੱਸਦੀ ਹੱਸਦੀ ਉਹ ਪਿਛਲੇ ਪੈਰੀਂ ਬਿਸਤਰੇ 'ਚ ਢੇਰੀ ਹੋ ਗਈ।

ਲਿਟੀ ਲਿਟੀ ਪੇਟ ਤੇ ਹੱਥ ਫੇਰਦੀ ਉਹ ਸੋਚਦੀ ਰਹੀ 'ਮੁੰਡਾ ਹੋਵੇਗਾ ਜਾਂ ਕੁੜੀ। ਮੁੰਡਾ ਹੋਵੇਗਾ ਤਾਂ ਕਿਰਨ ਨਾਂ ਰੱਖਾਂਗੇ, ਕੁੜੀ ਹੋਊ ਤਾਂ ਕਿਰਨ।' ਉਨ੍ਹਾਂ ਕਈ ਨਾਂ ਚੁਣ ਵੀ ਰੱਖੇ ਸਨ। ਖੁਸ਼ ਖੁਸ਼ ਮਹਿਸੂਸ ਕਰ ਰਹੀ ਸੀ। ਉਹ ਖੁਸ਼ੀ ਵੰਡਣੀ ਚਾਹੁੰਦੀ। ਕਈਆਂ ਨੂੰ ਖਿਆਲਾਂ 'ਚ ਮਿਲਦੀ, ਉਹ ਮਾਂ ਨੂੰ ਜਾ ਮਿਲੀ। ਉਹਦਾ ਮਨ ਕੀਤਾ ਮਾਂ ਨੂੰ ਚਿੱਠੀ ਲਿਖੇ 'ਮਾਂ ਮੇਰੇ ਘਰ ਬੱਚਾ ਆਉਣ ਵਾਲਾ ਆ। ਮੈਂ ਮਾਂ ਬਣਨ ਵਾਲੀ ਹਾਂ' ਤੇ ਨਾਲੇ.... ਜਿਵੇਂ ਤੂੰ ਲੱਭਦੀ ਸੀ ਅਮਰੀਕਾ ਵੈਲੇਡਾ। ਦੇਖ ਤੇਰੀ ਧੀ ਪੇਟ 'ਚ ਬੱਚਾ ਚੁੱਕੀ ਕੰਮ ਕਰਦੀ ਆ। ਤੇ ਨਾਲੇ....।"

"ਹੂੰ।" 'ਮੈਂ ਵੀ ਕਿਹੜੇ ਵਹਿਣਾਂ 'ਚ ਵਹਿ ਗਈ ਆਂ। ਕੰਮ ਵੀ ਕਰਦੀ ਆਂ ਨਾ? ਕੀ ਹੋਰ ਕੰਮ ਨੀ ਕਰਦੇ?' ਉਹ ਆਪਣੇ ਖਿਆਲਾਂ 'ਤੇ ਸ਼ਰਮਾ ਗਈ। 'ਭਾਂਡੇ ਧੋਤੇ ਸਨ ਪਹਿਲਾਂ ਪਹਿਲਾਂ, ਹੁਣ ਤੀਜੀ ਨੌਕਰੀ ਆ। ਸਾਲਾਂ ਜਾਕੇ ਚੰਗੀ ਨੌਕਰੀ ਮਿਲੀ ਆ।

"ਧੀ ਛੱਤ" ਉਹਨੂੰ ਕੁੱਝ ਯਾਦ ਆਉਂਦਿਆਂ ਉਹਨੇ ਆਪਣੇ ਆਪ ਨੂੰ ਝੰਜੋੜਿਆ। ਉਦੋਂ ਉਹ ਕਾਰ 'ਚ ਬੈਠ ਕੇ ਆਪਣੇ ਪ੍ਰੀਵਾਰ ਸਮੇਤ ਛੁੱਟੀਆਂ ਤੋਂ ਪਰਤਿਆਂ ਆਪਣੀ ਬਣਦੀ ਕੋਠੀ ਦੇਖਣ ਆਈ ਸੀ। ਇਕ ਤੀਵੀਂ ਉਹਦੇ ਅੱਗਿਉਂ ਲੰਘ ਗਈ ਸੀ। ਉਹਨੇ ਕੁੱਝ ਗੌਲਿਆ ਤੱਕ ਵੀ ਨਾ, ਸੋਚਿਆ ਤੱਕ ਵੀ ਨਹੀਂ ਸੀ। 'ਪਿੱਠ ਤੇ ਨਿਆਣਾ ਚੁੱਕੀ ਸਿਰ ਤੇ ਟੋਕਰੀ ਉਠਾਈ ਉਹ ਕਿਵੇਂ ਮਹਿਸੂਸ ਕਰਦੀ ਹੋਵੇਗੀ। "ਹਾਏ ਹਾਏ, ਕਿਵੇਂ ਨਿਆਣੇ ਜੰਮਦੀਆਂ ਹੋਣਗੀਆਂ।" ਘਿਨਾਉਣੀ ਸਖ਼ਤੀ ਮਹਿਸੂਸ ਕਰਦੀ ਉਹ ਘਬਰਾਈ। "ਉਹਹਹ---।"

"ਨੂੰਹ।"ਕੀ ਗੱਲ ਆ ਭਲਾ?' ਉਹ ਆਪਣੇ ਆਪ ਨੂੰ ਇਕ ਅਲੋਚਨਾਤਮਕ ਦੀ ਨਿਗਾਹ ਨਾਲ ਦੇਖਣ ਲੱਗੀ। 'ਗੱਲ ਤਾਂ ਹੈ ਹੀ ਪਰ ਉਦੋਂ ਕੁੱਝ ਹੋਰ ਗੱਲ ਸੀ ਅੱਜ ਹੋਰ। ਜੀ ਤਿਆਣੇ ਤਾਂ ਉਦੋਂ ਵੀ ਭੈੜੀ ਹਾਲਤ ਤੇ ਨਿਗਾਹ ਮਾਰਦੀ ਤਾਂ ਮਨ ਨੂੰ ਕੁਝੇਲ ਜਿਹੀ ਉਠਦੀ, ਪਰ ਹੁਣ ਉਹ ਗੱਲ ਨਹੀਂ। ਹੁਣ ਉਹ ਉਹਨੂੰ ਬਦਲ ਦੇਣ ਬਾਰੇ ਸੋਚਦੀ ਆ।"

"ਉਦੋਂ ਤੇ ਅੱਜ ਤੱਕ 'ਚ ਬਹੁਤ ਅੰਤਰ ਹੈ। ਹਾਂ ਅੰਤਰ ਹੈ, ਫਰਕ ਹੈ।" ਉਹਨੂੰ ਆਪਣੇ ਆਪ ਤੇ ਇਕ ਗਿਲਾਨੀ ਜਿਹੀ ਆਈ, ਇਕ ਉਪਰਾਪਨ ਜਿਹਾ। ਪਰ ਪੱਲ ਵਿਚ ਬਦਲ ਦਿੱਤਾ। 'ਇਹ ਅੰਤਰ ਹੈ ਨਾ ਸੋਚਣ ਦਾ ਤੇ ਸੋਚਣ ਦਾ। ਇਹ ਅੰਤਰ ਹੈ ਨਾ ਅਨੁਭਵ ਕਰਨ ਦਾ ਤੇ ਅਨੁਭਵ ਕਰਨ ਦਾ।'

ਉਹ ਉੱਠ ਬਿਸਤਰੇ 'ਚ ਬੈਠ ਗਈ। ਉਹਦੇ ਖਿਆਲ ਇਕ ਤੂਫਾਨ ਵਾਂਗ ਉਠ ਰਹੇ ਸਨ। 'ਇਹ ਅੰਤਰ ਹੈ ਚੇਤਨਾ ਦਾ, ਅੰਤਰ ਹੈ ਚੇਤਨਾ ਨੂੰ ਪ੍ਰਫੁੱਲਤ ਕਰਨ ਵਾਲਿਆਂ ਦਾ।' ਉਹ ਖੁਦ ਸੀਤਲ ਦੇ ਪੇਪਰ ਤਿਆਰ ਕਰਦੀ। ਉਹਦੇ ਨਾਲ ਪੇਪਰ ਵੰਡਣ ਲਈ ਸੜਕਾਂ ਤੇ ਜਾਂਦੀ। ਉਹਦਾ ਮਨ ਤਿੜਕਿਆ। "ਇਹ ਅੰਤਰ ਹੈ ਸਾਥ ਦਾ ਤੇ ਸਾਥੀਆਂ ਦਾ।'

ਆਪਣੀ ਮਾਂ ਨੂੰ ਚਿੱਠੀ ਲਿਖਣ ਦਾ ਵਿਸ਼ਾ ਉਹਨੂੰ ਭੁੱਲ ਚੁੱਕਾ ਸੀ। ਵਹਿ ਰਹੇ ਅੰਦਰ ਦੇ ਖੋਲ ਖਿਆਲਾਂ ਨੂੰ ਜ਼ੋਰ ਨਾਲ ਰੋਕਣਾ ਚਾਹਿਆ। ਉਹਨੇ ਆਪਣੇ ਬੁੱਲ ਸੀਤੇ। ਬੁੱਲ ਸੀਤੀ ਉਹ ਸ਼ੀਸ਼ੇ ਦੇ ਸੱਜੇ ਪਾਸੇ ਪਏ ਸੀਤਲ ਦੀ ਫੋਟੋ ਵੱਲ ਦੇਖਣ ਲੱਗੀ। ਦੇਖਦੀ ਰਹੀ। ਫੋਟੋ 'ਚ ਸੀਤਲ ਦੀਆਂ ਅੱਖਾਂ ਥੱਲੇ ਵੱਲ ਦੇਖ ਰਹੀਆਂ ਸਨ। ਉਹ ਉਹਦੇ 'ਚ ਕੁੱਝ ਲੱਭ ਰਹੀ ਸੀ। ਉਹਨੂੰ ਲੱਗਿਆ ਫੋਟੋ 'ਚ ਵੀ ਸੀਤਲ ਕਹਿ ਰਿਹਾ ਹੋਵੇ "ਮੈਂ ਇਕ ਮਜ਼ਦੂਰ ਹਾਂ ਅਤੇ ਮੇਰਾ ਸੰਘਰਸ਼ ਦੁਨੀਆਂ ਦੇ ਮਜ਼ਦੂਰਾਂ ਦਾ ਸੰਘਰਸ਼ ਹੈ।" ਉਹਨੂੰ ਲੱਗਿਆ ਜਿਵੇਂ ਸੀਤਲ ਕਹਿ ਰਿਹਾ ਹੋਵੇ ਤੇ ਪੁੱਛ ਰਿਹਾ ਹੋਵੇ, ਮੈਂ ਇਕ ਚੰਗਾ ਆਦਮੀ ਹਾਂ। ਤੂੰ ਹੀ ਦੱਸ ਮੇਰੇ 'ਚ ਕੀ ਐਬ ਹਨ?" ਹੋਕਦਿਆਂ ਦੀ ਹੰਝੂ ਅੱਖਾਂ 'ਚੋਂ ਤਿਲਕ ਗੱਲ੍ਹ ਉੱਤੇ ਵਹਿ ਆਇਆ ਸੀ।

ਉਹਦੀਆਂ ਅੱਖਾਂ 'ਚ ਲਾਲੀ ਤੈਰਣ ਲੱਗੀ। ਸ਼ੀਸ਼ੇ 'ਚ ਦੇਖਦੀ

(ਬਾਕੀ ਸਫ਼ਾ 28 ਉੱਤੇ)

ਜਾਤ ... ਪਾਤੀ ... ਪ੍ਰਬੰਧ ... ਕੇਵਲ ... ਹਿੰਦ ... ਵਿਚ ...

ਰਣਜੀਤ ਸਿੰਘ

ਜ਼ਾਤ ਤੇ ਜਮਾਤ ਦੋਵੇਂ ਮਨੁਖੀ ਭਾਈਚਾਰੇ ਨੂੰ ਦਰਜਾ-ਬਦੱਰਜੀ ਦੇ ਬੰਧਨਾਂ ਵਿਚ ਬੰਨ੍ਹਦੀਆਂ ਹਨ। ਪਰ ਜਮਾਤੀ-ਵੰਡ ਜੇ ਇਕ ਰੱਸੇ ਨਾਲ ਬੰਨ੍ਹਦੀ ਹੈ ਤਾਂ ਜ਼ਾਤੀ-ਵੰਡ ਕਈ ਰੱਸਿਆਂ ਨਾਲ। ਇਸ ਤੋਂ ਇਲਾਵਾ ਜ਼ਾਤੀ ਬੰਧਨਾਂ ਦੀਆਂ ਗੰਢਾਂ ਵਧੇਰੇ ਪੀਢੀਆਂ ਹਨ। ਇਸ ਵਾਸਤੇ ਜਾਤੀ-ਵੰਡ ਨੂੰ ਉਧੇੜਨਾ ਜਮਾਤੀ-ਵੰਡ ਦੇ ਉਧੇੜਨ ਨਾਲੋਂ ਕਠਨ ਹੈ। ਇਸ ਤੋਂ ਬਿਨਾ, ਭਾਵੇਂ ਜ਼ਾਤ ਅਤੇ ਜਮਾਤ ਵਿਚਕਾਰ ਕਈ ਅਨਸਰਾਂ ਦੀ ਸਾਂਝ ਹੈ, ਜ਼ਾਤ-ਪਾਤੀ ਪ੍ਰਬੰਧ ਨੇ ਕੇਵਲ ਹਿੰਦ ਵਿਚ ਇਕ ਪੱਕੇ ਪ੍ਰਬੰਧ (system) ਦੀ ਸ਼ਕਲ ਫੜੀ। ਇਸ ਕਰਕੇ ਦਰਜਾ-ਬਦਰਜੀ ਵਿਰੁਧ ਘੋਲ ਲਈ ਜੋ ਨੁਸਖ਼ੇ ਹੋਰ ਦੇਸ਼ਾਂ ਵਿਚ ਕਾਮਯਾਬ ਹੋਏ, ਉਹ ਇਨ ਬਿਨ ਘੜੇ ਘੜਾਏ ਸਾਡੇ ਦੇਸ ਦੇ ਹਾਲਾਤ ਵਿਚ ਬਿਨਾਂ ਅਦਲਾ ਬਦਲੀ ਦੇ ਲਾਗੂ ਨਹੀਂ ਹੋ ਸਕਦੇ। ਇਸ ਕਾਰਨ ਜ਼ਾਤ-ਪਾਤੀ ਪ੍ਰਬੰਧ ਦੇ ਤੰਦਵਿਆਂ ਦੀਆਂ ਬਾਰੀਕੀਆਂ ਤੇ ਪਸਾਰ ਨੂੰ ਸਮਝਣਾ ਜ਼ਰੂਰੀ ਹੈ। ਰੋਗ ਦੀ ਤਸ਼ਖ਼ੀਸ ਕੀਤੇ ਬਿਨਾ ਇਲਾਜ ਟੋਣੇ ਲਾਉਣ ਦੇ ਬਰਾਬਰ ਹੁੰਦਾ ਹੈ। ਜ਼ਾਤ-ਪਾਤੀ ਪ੍ਰਬੰਧ ਸੰਬੰਧੀ ਛਪੇ ਮਜ਼ਮੂਨਾਂ ਦੀ ਗਿਣਤੀ ਸੈਂਕੜਿਆਂ ਵਿਚ ਨਹੀਂ, ਹਜ਼ਾਰਾਂ ਵਿਚ ਹੈ। ਅਸੀਂ ਇਸ ਪ੍ਰਬੰਧ ਦੇ ਕੇਵਲ ਚੰਦ ਇਕ ਮੋਟੇ ਮੋਟੇ ਪੱਖ ਪੇਸ਼ ਕਰਨਾ ਚਾਹੁੰਦੇ ਹਾਂ ਤਾਕਿ ਪਾਠਕ ਦਾਣੇ ਨੂੰ ਟੋਹ ਕੇ ਦਾਲ ਦੀ ਪਰਖ ਕਰ ਸਕਣ।

ਪੁਰਾਤਨ ਜ਼ਮਾਨੇ ਵਿਚ ਇਰਾਕ ਦੀ ਵਸੋਂ ਓਸੇ ਤਰ੍ਹਾਂ ਦੇ ਚਾਰ ਭਾਗਾਂ ਵਿਚ ਵੰਡੀ ਹੋਈ ਸੀ ਜਿਵੇਂ ਹਿੰਦ ਦੀ ਚਾਰ ਵਰਨਾਂ ਵਿਚ।[1] ਪੁਰਾਤਨ ਅਸੀਰੀਆ ਤੇ ਮਿਸਰ ਵਿਚ ਇਕ ਕਿੱਤਾ (trade) ਕਰਨ ਵਾਲੇ ਹੋਰ ਵਖਰਾ ਕਿੱਤਾ ਕਰਨ ਵਾਲਿਆਂ ਨਾਲ ਵਿਆਹ ਨਹੀਂ ਸੀ ਕਰ ਸਕਦੇ। 'ਅਸੀਰੀਆ ਦੀ ਸਲਤਨਤ ਵਿਚ ਜਨਤਾ ਕਬੀਲਿਆਂ ਵਿਚ ਵੰਡੀ ਹੋਈ ਸੀ ਅਤੇ ਕਿੱਤਿਆਂ ਦੀ ਵੰਡ ਜੱਦੀ ਹੁੰਦੀ ਸੀ। ਅਰਥਾਤ ਬੱਚਿਆਂ ਨੂੰ ਇਹ ਖੁਲ੍ਹ ਨਹੀਂ ਸੀ ਹੁੰਦੀ ਕਿ ਆਪਣੇ ਪਿਤਾ ਦਾ ਕਿੱਤਾ ਛੱਡ ਕੇ ਕੋਈ ਹੋਰ ਅਪਣਾ ਲੈਣ (Diodorus, Lib. ii, p 142)। ਸਾਨੂੰ ਇਹ ਪਤਾ ਨਹੀਂ ਕਿ ਇਹ ਪ੍ਰਬੰਧ ਕਦੋਂ ਸ਼ੁਰੂ ਹੋਇਆ ਤੇ ਕਿਸ ਕੀਤਾ, ਪਰ ਧੁਰ ਕਦੀਮਾਂ ਤੋਂ ਇਹ ਤਕਰੀਬਨ ਸਾਰੇ ਏਸ਼ੀਆ ਅਤੇ ਕਈ ਹੋਰ ਮੁਲਕਾਂ ਵਿਚ ਰਾਇਜ ਸੀ'।[2]

ਇਸੇ ਤਰ੍ਹਾਂ ਹਿੰਦ ਤੋਂ ਬਾਹਰਲੇ ਦੇਸਾਂ ਵਿਚ ਐਸੇ ਅਦਾਰਿਆਂ (institutions) ਦੀਆਂ ਮਿਸਾਲਾਂ ਹਨ ਜੋ ਜ਼ਾਤ-ਪਾਤੀ ਪ੍ਰਬੰਧ ਦੇ ਕਈ ਇਕ ਪਹਿਲੂਆਂ ਨਾਲ ਮੇਲ ਖਾਂਦੇ ਹਨ। ਅਸੀਂ ਕੇਵਲ ਚੰਦ ਇਕ ਉਨ੍ਹਾਂ ਮਿਸਾਲਾਂ ਨੂੰ ਲੈਂਦੇ ਹਾਂ ਜਿਨ੍ਹਾਂ ਦਾ ਨੇੜ ਹਿੰਦ ਦੇ ਅਛੂਤਾਂ ਨਾਲ ਜਾਪਦਾ ਹੈ, ਕਿਉਂਕਿ ਹਾਥੀ ਦੇ ਪੈਰ ਵਿਚ ਸਭ ਦੇ ਪੈਰ। ਜਿਹੜੇ ਨੁਕਤੇ ਵਲ ਅਸੀਂ ਧਿਆਨ ਦਿਵਾਉਣਾ ਚਾਹੁੰਦੇ ਹਾਂ, ਜੇ ਉਹ ਅਛੂਤਾਂ ਦੇ ਸਿਰੇ ਦੇ ਮਸਲੇ ਨਾਲ ਮੇਲ ਖਾਂਦੀਆਂ ਮਿਸਾਲਾਂ ਤੋਂ ਜ਼ਾਹਰ ਹੋ ਜਾਏ ਤਾਂ ਜ਼ਾਤ-ਪਾਤੀ ਪ੍ਰਬੰਧ ਦੇ ਹੋਰ ਪਹਿਲੂਆਂ ਨਾਲ ਸੰਬੰਧਤ ਮਿਸਾਲਾਂ ਦਾ ਜ਼ਿਕਰ ਕਰਨਾ ਬੇਲੋੜਾ ਹੋਵੇਗਾ।

ਮਿਸਰ ਦੇ ਸੂਰ-ਪਾਲਕ ਕਿਸੇ ਧਰਮ-ਮੰਦਰ ਵਿਚ ਪੈਰ ਨਹੀਂ ਸੀ ਪਾ ਸਕਦੇ ਅਤੇ ਵਿਆਹ-ਸ਼ਾਦੀ ਵੀ ਆਪਣੇ ਭਾਈਚਾਰੇ ਵਿਚ ਹੀ ਕਰ ਸਕਦੇ ਹਨ।[3] ਅਫ਼ਰੀਕਾ ਦੇ ਉਤਰ-ਪੂਰਬੀ ਕੋਨੇ ਦੇ ਸਮਾਲੀ ਵਸਨੀਕਾਂ ਵਿਚ 'ਜੱਦੀ ਲੁਹਾਰ ਅੱਡਰੀਆਂ ਬਸਤੀਆਂ ਵਿਚ ਰਹਿੰਦੇ ਹਨ। ਜੇ 'ਮਸਾਈ' ਲੁਹਾਰ ਨੂੰ ਮਾਰ ਦੇਵੇ ਤਾਂ ਉਸ ਨੂੰ ਕੋਈ ਸਜ਼ਾ ਨਹੀਂ, ਪਰ ਲੁਹਾਰ 'ਮਸਾਈ' ਨੂੰ ਨਹੀਂ ਮਾਰ ਸਕਦਾ।...ਲੁਹਾਰ ਦੀਆਂ ਬਣਾਈਆਂ ਚੀਜ਼ਾਂ ਭਿਟੀਆਂ ਸਮਝੀਆਂ ਜਾਂਦੀਆਂ ਹਨ ਅਤੇ ਵਰਤਣ ਤੋਂ ਪਹਿਲੋਂ ਚਰਬੀ ਲਾ ਕੇ ਸ਼ੁਧ ਕੀਤੀਆਂ ਜਾਂਦੀਆਂ ਹਨ। ਲੁਹਾਰ ਦਾ ਰਾਤ ਵੇਲੇ ਨਾਮ ਤਕ ਮੂੰਹੋਂ ਨਹੀਂ ਉਚਰਿਆ ਜਾਂਦਾ ਮਤਾਂ ਸ਼ੇਰ ਹਮਲਾ ਕਰ ਦੇਣ।'[4]

ਅਫ਼ਰੀਕਾ ਦੇ ਹੀ ਐਨ ਦੂਸਰੇ ਬੰਨੇ 'ਓਸੂ' ਲੋਕ 'ਇਬੂ' ਲੋਕਾਂ ਦੇ ਭਾਈਚਾਰੇ ਵਿਚ ਰਹਿੰਦੇ ਹਨ। 'ਓਸੂ' ਲੋਕ 'ਇਬੂਆਂ' ਨਾਲ ਖੁਲ੍ਹਾ ਮੇਲ ਨਹੀਂ ਕਰ ਸਕਦੇ; ਉਨ੍ਹਾਂ ਦੇ ਘਰ ਅੱਡਰੀਆਂ ਬਸਤੀਆਂ ਵਿਚ ਹੁੰਦੇ ਹਨ ਅਤੇ ਕਿਸੇ ਨੂੰ 'ਓਸੂ' ਕਹਿ ਦੇਣਾ ਉਸ ਦੀ ਹੱਤਕ ਕਰਨਾ ਹੈ।[5]

ਜਾਪਾਨ ਵਿਚ "ਏਟਾ' ਲੋਕ, ਅਛੂਤਾਂ ਦੀ ਇਕ ਕੌਮ ਹੈ। 'ਉਨ੍ਹਾਂ ਦੇ ਵਿਰੁਧ ਇਤਨੀ ਨਫ਼ਰਤ ਸੀ ਕਿ ਜੇ ਸ਼ਬਦ ਏਟਾ ਆਖਣਾ ਹੀ ਪਵੇ ਤਾਂ ਬੜੀ ਮੱਧਮ ਆਵਾਜ਼ ਵਿਚ ਆਖਿਆ ਜਾਂਦਾ। ਉਨ੍ਹਾਂ ਨੂੰ ਮਨੁਖ-ਜਾਤੀ ਤੋਂ ਨੀਵਾਂ ਸਮਝਿਆ ਜਾਂਦਾ ਅਤੇ ਉਨ੍ਹਾਂ ਦੇ ਨਾਮ ਨਾਲ ਸ਼ਬਦ 'ਬਿਕੀ' ਜੋੜਿਆ ਜਾਂਦਾ ਜੋ ਪਸ਼ੂਆਂ ਲਈ ਵਰਤਿਆ ਜਾਂਦਾ। ਉਹ ਪਿੰਡ ਤੋਂ ਅਲੈਹਦਾ ਬਸਤੀ ਵਿਚ ਰਹਿੰਦੇ। ਉਨ੍ਹਾਂ ਨੂੰ ਵਖਰੀ ਕਿਸਮ ਦੀ ਪੋਸ਼ਾਕ ਪਾਉਣੀ ਪੈਂਦੀ। ਆਪਣੇ ਦਾਇਰੇ ਅੰਦਰ ਹੀ ਸ਼ਾਦੀ ਕਰ ਸਕਦੇ। ਹੋਰ ਜਾਤੀਆਂ ਨਾਲ ਭਾਈਚਾਰਕ ਵਰਤੋਂ ਨ ਕਰ ਸਕਦੇ ਅਤੇ ਘਰੋਂ ਬਾਹਰ ਸੂਰਜ ਛਿਪਣ ਤੋਂ ਲੈ ਕੇ ਸੂਰਜ ਚੜ੍ਹਨ ਵੇਲੇ ਤਕ ਹੀ ਨਿਕਲ ਸਕਦੇ।[6]

ਹਿੰਦੀ ਅਛੂਤਾਂ ਨਾਲ ਮੇਲ ਖਾਂਦੀ ਸਭ ਤੋਂ ਨੇੜੇ ਦੀ ਮਿਸਾਲ ਬਰਮਾ ਦੇ ਮੰਦਰਾਂ ਦੇ ਗ਼ੁਲਾਮਾਂ (pagoda slaves) ਦੀ ਹੈ। 'ਬਰਮੀ ਮੰਦਰ ਦਾ ਗ਼ੁਲਾਮ ਉਮਰ ਭਰ ਲਈ ਗ਼ੁਲਾਮ ਹੈ ਅਤੇ ਉਸ ਦੀ ਔਲਾਦ ਤੇ ਆਉਣ ਵਾਲੀਆਂ ਨਸਲਾਂ ਹਮੇਸ਼ਾਂ ਲਈ ਪਗੋਡਾ ਗ਼ੁਲਾਮ ਹੁੰਦੇ ਹਨ। ਉਨ੍ਹਾਂ ਨੂੰ ਬਾਦਸ਼ਾਹ ਵੀ ਗ਼ੁਲਾਮੀ ਤੋਂ ਛੁਟਕਾਰਾ ਨਹੀਂ ਦਿਵਾ ਸਕਦਾ।'[7]

ਉਪ੍ਰੋਕਤ ਮਿਸਾਲਾਂ [illegible] ਨੁਕਤਿਆਂ ਵਲ ਧਿਆਨ ਦਿਵਾਉਣ ਲਈ ਦਿਤੀਆਂ [illegible]ਆਂ ਹਨ। ਭਾਈਚਾਰਕ ਪਾਬੰਦੀਆਂ, ਜੋ ਹਿੰਦੀ ਜਾਤ-ਪਾਤੀ ਪਾਬੰਦੀਆਂ ਨਾਲ ਮੇਲ ਖਾਂਦੀਆਂ ਹਨ, ਹਿੰਦ ਤੋਂ ਸਿਵਾ ਕਿਧਰੇ ਵੀ ਪਸਰ ਕੇ ਜਾਤ-ਪਾਤੀ ਪ੍ਰਬੰਧ ਦੀ ਸ਼ਕਲ ਨ ਫੜ ਸਕੀਆਂ। ਅਰਥਾਤ ਇਹ ਪਾਬੰਦੀਆਂ ਸੁਸਾਇਟੀ ਦੇ ਇਕ ਛੋਟੇ ਜਿਹੇ ਭਾਗ ਤਕ ਮਹਿਦੂਦ ਰਹੀਆਂ ਅਤੇ ਹਿੰਦ ਵਾਂਗ ਸਮੁਚੇ ਸਮਾਜ ਦਾ ਤਾਣਾ ਪੇਟਾ ਨਾ ਬਣੀਆਂ। ਰੈਵੀਲਊਟ ਇਸ ਨਤੀਜੇ ਉਤੇ ਅਪੜਦਾ ਹੈ ਕਿ 'ਮਿਸਰ ਦੀਆਂ ਇਨ੍ਹਾਂ ਅਖੌਤੀ ਜਾਤਾਂ (castes) ਦਾ ਅਸਲਾ ਕੁਝ ਵੀ ਹੋਵੇ, ਇਸ [illegible] ਨਿਸ਼ਾਨੀ ਨਹੀਂ ਮਿਲਦੀ ਕਿ (ਉਥੇ) ਕੋਈ ਜਾਤ-ਪਾਤੀ ਪ੍ਰਬੰਧ ਸੀ ਜੋ ਹਿੰਦ [illegible] ਨਾਲ ਅਸਲੋਂ ਮਿਲਦਾ ਹੋਵੇ।'[8]

ਅਫ਼ਰੀਕਾ ਦੀਆਂ ਮਿਸਾਲਾਂ ਬਾਰੇ ਹਟਨ ਲਿਖਦਾ ਹੈ ਕਿ 'ਭਾਵੇਂ ਇਨ੍ਹਾਂ ਦੇ ਕਈ ਪੱਖ ਜਾਤ-ਪਾਤੀ ਪ੍ਰਬੰਧ ਨਾਲ ਮਿਲਦੇ ਹਨ ਪਰ ਇਨ੍ਹਾਂ ਨਾਲ ਜਾਤ-ਪਾਤੀ ਪ੍ਰਬੰਧ ਨਹੀਂ ਬਣਦਾ'।[9] ਬਰਮਾ ਦੀ ਮਿਸਾਲ ਬਾਰੇ ਹਟਨ ਦੀ ਰਾਏ ਹੈ ਕਿ ਜਾਤ-ਪਾਤ ਦੀ ਉਪਜ 'ਇਕ ਪਧਰ ਉਤੇ ਆ ਕੇ ਖੜੀ ਹੋ ਗਈ ਅਤੇ ਹੋਰ ਨ ਵਧੀ। ਜੇ ਵਿਗੜੀ ਵੀ ਤਾਂ ਸੁਸਾਇਟੀ ਦੇ ਛੋਟੇ ਜਿਹੇ ਭਾਗ ਤਕ ਸੀਮਤ ਰਹੀ ਅਤੇ ਬਾਕੀ ਦੀ ਸੁਸਾਇਟੀ ਨੂੰ ਨ ਛੋਹੀ, ਕਿਉਂਕਿ ਸਮੁਚੇ ਤੌਰ ਉਤੇ ਬਰਮੀ ਲੋਕ ਜਾਤ-ਪਾਤ ਤੋਂ ਉਤਨੇ ਹੀ ਬੇਲਾਗ ਹਨ ਜਿਤਨੇ ਕਿ ਹੋਰ ਉਹ ਲੋਕ ਜਿਨ੍ਹਾਂ ਵਿਚੋਂ ਜਾਤ-ਪਾਤ ਨਾਲ ਮਿਲਦੀਆਂ ਮਿਸਾਲਾਂ ਦਿਤੀਆਂ ਗਈਆਂ ਹਨ'।[10]

ਰੂਮ (ਇਟਲੀ) ਵਿਚ ਇਕ ਕਾਨੂੰਨ ਰਾਹੀਂ (Theo-dosian code) ਕੋਸ਼ਸ਼ ਕੀਤੀ ਗਈ ਕਿ ਸਾਰੀਆਂ ਪਬਲਕ ਕਾਰਗੁਜ਼ਾਰੀਆਂ ਜੱਦੀ ਬਣ ਜਾਣ ਅਤੇ ਵਿਆਹ-ਸ਼ਾਦੀਆਂ ਦੇ ਸੰਬੰਧ ਵੀ ਇਨ੍ਹਾਂ ਮੁਤਾਬਕ ਹੀ ਹੱਦਬੰਦ ਹੋ ਜਾਣ। ਪਰ ਕਾਮਿਆਂ ਤੇ ਮਾਲਕਾਂ ਦੇ ਵਿਚਕਾਰ ਜਦੋ-ਜਹਿਦ ਦੇ ਦੌਰਾਨ ਇਹ ਸਭ ਹੱਦਬੰਦੀਆਂ ਤੇ ਵਖੇਵੇਂ ਟੁਟ ਗਏ ਅਤੇ ਸੰਨ 287 (B.C.) ਤਕ ਦੋਹਾਂ ਜਮਾਤਾਂ ਨੂੰ ਬਰਾਬਰ ਦੇ ਰਾਜਸੀ ਅਤੇ ਭਾਈਚਾਰਕ ਹੱਕ ਪ੍ਰਾਪਤ ਹੋ ਗਏ।[11]

ਹਿੰਦ ਦੇ ਆਰੀਆ ਲੋਕ ਸਭ ਤੋਂ ਨੇੜੇ ਉਨ੍ਹਾਂ ਆਰੀਆ ਲੋਕਾਂ ਦੇ ਹਨ ਜੋ ਈਰਾਨ ਵਿਚ ਜਾ ਵੱਸੇ। ਈਰਾਨ ਵਿਚ ਪੁਜਾਰੀ (priest) ਦਾ ਕਿੱਤਾ ਸਭ ਤੋਂ ਉਤਮ ਸਮਝਿਆ ਜਾਂਦਾ ਸੀ ਅਤੇ ਕਾਰੀਗਰ (artisan) ਦਾ ਸਭ ਤੋਂ ਘਟੀਆ।[12] ਇਕ ਜਮਾਤ ਦੇ ਕਿੱਤੇ ਤੋਂ ਦੂਸਰੀ ਦੇ ਨੂੰ ਬਦਲਣ ਦੀ ਸਿਰਫ ਉਨ੍ਹਾਂ ਨੂੰ ਖੁਲ੍ਹ ਦਿਤੀ ਜਾਂਦੀ ਸੀ ਜੋ ਨਵੇਂ ਅਪਣਾਉਣ ਯੋਗ ਹੁਨਰ ਵਿਚ ਖ਼ਾਸ ਮੁਹਾਰਤ ਵਿਖਾਉਣ।[13] ਪੁਜਾਰੀ ਆਪਣੀ ਜਮਾਤ ਤੋਂ ਨੀਵੀਆਂ ਦੀਆਂ ਲੜਕੀਆਂ ਨਾਲ ਸ਼ਾਦੀ ਕਰ ਸਕਦੇ ਸਨ ਪਰ ਆਪਣੀਆਂ ਲੜਕੀਆਂ ਨੂੰ ਨੀਵੀਆਂ ਜਾਤੀਆਂ ਵਿਚ ਸ਼ਾਦੀ ਨਹੀਂ ਸੀ ਕਰਨ ਦੇਂਦੇ।[14] ਇਨ੍ਹਾਂ ਗੱਲਾਂ ਦੇ ਬਾਵਜੂਦ ਈਰਾਨ ਦੇ ਇਤਿਹਾਸ ਵਿਚ ਜਾਤ-ਪਾਤੀ ਪ੍ਰਬੰਧ ਦਾ ਸਬੂਤ ਨਹੀਂ ਮਿਲਦਾ।[15]

ਸਾਡੇ ਇਕ ਹੋਰ ਗੁਆਂਢੀ ਦੇਸ ਚੀਨ ਵਿਚ (ਜਿਸ ਦੀ ਸਭਿਅਤਾ ਸਾਡੀ ਨਾਲੋਂ ਵੀ ਪੁਰਾਣੀ ਹੈ) ਵੀ ਜਾਤ-ਪਾਤ ਵਰਗੇ ਭਿੰਨ-ਭੇਦਾਂ ਦੇ ਨਿਸ਼ਾਨ ਮਿਲਦੇ ਹਨ। ਹਜਾਮਤ ਕਰਨ ਵਾਲਿਆਂ ਅਤੇ ਉਨ੍ਹਾਂ ਦੀ ਔਲਾਦ ਨੂੰ ਪਾਰੀਆ (ਸਾਡੀ ਇਕ ਅਛੂਤ ਜਾਤ) ਵਾਂਗੂੰ ਸਮਝਿਆ ਜਾਂਦਾ ਸੀ ਅਤੇ ਉਹ ਸਰਕਾਰੀ ਨੌਕਰੀਆਂ ਦੀ ਚੋਣ ਵਿਚੋਂ ਖਾਰਜ ਕੀਤੇ ਹੋਏ ਸਨ। ਨਾਚੇ, ਨਾਚੀਆਂ, ਪੁਲਸੀਏ ਤੇ ਬੇੜੀਆਂ ਦੇ ਮਲਾਹ ਨੀਵੇਂ ਸਮਝੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਆਪਣੀ ਜਮਾਤ ਵਿਚ ਹੀ ਵਿਆਹ ਕਰਨਾ ਪੈਂਦਾ ਸੀ। ਕੋਈ ਵੀ ਗੁਲਾਮ ਆਜ਼ਾਦ ਇਸਤਰੀ ਨਾਲ ਸ਼ਾਦੀ ਨਹੀਂ ਸੀ ਕਰ ਸਕਦਾ।[16] ਇਸ ਦੇ ਬਾਵਜੂਦ 'ਚੀਨ ਦੀ ਸੁਸਾਇਟੀ ਵਿਚ ਪੱਕੇ ਪ੍ਰਖੜਾ ਜਮਾਤੀ ਵਿਤਕਰੇ ਘੱਟ ਤੋਂ ਘੱਟ ਰਹੇ ਹਨ',[17] ਅਤੇ "ਈਸਾ ਤੋਂ ਪਹਿਲੋਂ ਦੀਆਂ ਤੀਸਰੀ ਤੇ ਚੌਥੀ ਸਦੀਆਂ ਤੋਂ ਲੈ ਕੇ ਇਸ ਵਿਚਾਰ ਨੇ ਡੂੰਘੀਆਂ ਜੜ੍ਹਾਂ ਫੜ ਲਈਆਂ ਸਨ ਕਿ ਭਾਈਚਾਰਕ ਰੁਤਬਾ ਵਿਅੱਕਤੀਗਤ ਕਾਬਲੀਅਤ ਉਤੇ ਨਿਰਭਰ ਹੋਣਾ ਚਾਹੀਦਾ ਹੈ।'[18]

ਦੂਸਰਾ ਨੁਕਤਾ, ਜਿਸ ਬੰਨੇ ਧਿਆਨ ਦਿਵਾਉਣ ਦੀ ਲੋੜ ਹੈ, ਇਹ ਹੈ ਕਿ ਹੋਰ ਮੁਲਕਾਂ ਵਿਚ ਜਾਤ-ਪਾਤ ਨਾਲ ਮੇਲ ਖਾਂਦੇ ਵਿਤਕਰੇ ਪਿਘਲ ਕੇ ਜਮਾਤੀ ਵਿਤਕਰਿਆਂ ਵਿਚ ਬਦਲਦੇ ਗਏ। ਪਰ ਕੇਵਲ ਹਿੰਦ ਵਿਚ ਅਜੇਹੇ ਵਿਤਕਰਿਆਂ ਦੀਆਂ ਗੰਢਾਂ ਸਗੋਂ ਦਿਨ ਬਦਿਨ ਉਦੋਂ ਤਕ ਪੀਡੀਆਂ ਹੁੰਦੀਆਂ ਗਈਆਂ ਜਦੋਂ ਤਕ ਯੂਰਪੀਨ ਸਭਿਅਤਾ ਦੇ ਪ੍ਰਭਾਵ ਏਥੇ ਪ੍ਰਬਲ ਹੋਣੇ ਸ਼ੁਰੂ ਨਹੀਂ ਹੋਏ। ਬਲਕਿ ਨਿਰੋਲ ਜਮਾਤੀ ਵਿਤਕਰੇ ਵੀ ਜਾਤ-ਪਾਤੀ ਵਿਤਕਰਿਆਂ ਦੀ ਸ਼ਕਲ ਫੜਦੇ ਗਏ।

ਵੇਦਾਂ ਵਿਚ ਜਾਤ-ਪਾਤ ਦਾ ਜ਼ਿਕਰ ਨਹੀਂ।[19] ਮੰਨੂ (iii, 13; ii, 210) ਮੁਤਾਬਕ ਵੀ ਬ੍ਰਾਹਮਣ ਕਸ਼ੱਤਰੀਆਂ ਸਮੇਤ ਸਭ ਆਰੀਆ ਲੋਕ ਸੂਦਰ ਇਸਤਰੀਆਂ ਰਖ ਸਕਦੇ ਸਨ। ਜੇ ਬ੍ਰਾਹਮਣ ਦੇ ਘਰ ਸੂਦਰ ਇਸਤ੍ਰੀ ਦੀ ਕੁਖੋਂ ਪੈਦਾ ਹੋਈਆਂ ਲੜਕੀਆਂ ਪੀੜ੍ਹੀਆਂ-ਦਰ-ਪੀੜ੍ਹੀਆਂ ਬ੍ਰਾਹਮਣਾਂ ਨਾਲ ਵਿਆਹ ਕਰੀ ਜਾਣ ਤਾਂ ਸਤਵੀਂ ਪੀੜ੍ਹੀ ਵਿਚ ਉਨ੍ਹਾਂ ਦੀ ਔਲਾਦ ਬ੍ਰਾਹਮਣ ਸਮਝੀ ਜਾਂਦੀ (x.64)। ਮਹਾਂਭਾਰਤ ਪੜ੍ਹਨ ਤੋਂ ਵੀ ਇਸੇ ਸਿੱਟੇ ਉਤੇ ਪੁਜੀਦਾ ਹੈ। ਕਸ਼ੱਤਰੀਆਂ ਬ੍ਰਾਹਮਣਾਂ ਦੀਆਂ ਨੀਵੀਆਂ ਤੋਂ ਨੀਵੀਆਂ ਜਾਤੀਆਂ ਦੀਆਂ ਇਸਤਰੀਆਂ ਨਾਲ ਸ਼ਾਦੀਆਂ ਕਰਨ ਦੀਆਂ

# ਵਿਸ਼ਵ ਪੰਜਾਬੀ ਸੰਮੇਲਨ ਦੀ ਲੋੜ ਕਿਉਂ?

( ਰਣਜੀਤ ਧੀਰ )

ਕੁੱਝ ਸਾਲ ਪਹਿਲਾਂ ਗਿਆਨੀ ਜ਼ੈਲ ਸਿੰਘ ਹੁਰਾਂ ਦੀ ਕਾਂਗਰਸ ਸਰਕਾਰ ਨੇ ਵਿਸ਼ਵ ਪੰਜਾਬੀ ਸੰਮੇਲਨ ਕਰਾਉਣ ਦਾ ਐਲਾਨ ਕੀਤਾ ਸੀ। ਦੁਨੀਆਂ ਦੇ ਕਈ ਹਿੱਸਿਆਂ ਵਿਚ ਵੱਸੇ ਪੰਜਾਬੀਆਂ ਨਾਲ ਇਸ ਬਾਰੇ ਚਿੱਠੀ ਪੱਤਰ ਵੀ ਕੀਤਾ ਗਿਆ। ਬਰਤਾਨੀਆਂ ਦੀ ਪੰਜਾਬੀ ਕਮਿਊਨਿਟੀ ਦੇ ਕਈ ਪ੍ਰਤੀਸ਼ਠ ਵਿਅਕਤੀਆਂ ਅਤੇ ਲੇਖਕਾਂ ਨੂੰ ਵੀ ਸੂਚਨਾ ਪੱਤਰ ਆਏ। ਪਰ ਜਿਸ ਤਰ੍ਹਾਂ ਸਾਨੂੰ ਪਤਾ ਹੈ ਇਹ ਸਮਾਗਮ ਸ਼ਾਇਦ ਕੁੱਝ ਸਿਆਸੀ ਕਾਰਣਾਂ ਕਰਕੇ ਸੰਭਵ ਨਾ ਹੋ ਸਕਿਆ। ਦੁਨੀਆਂ ਭਰ ਦੇ ਪੰਜਾਬੀਆਂ ਨੂੰ ਇਕ ਪਲੇਟਫਾਰਮ ਉੱਤੇ ਇੱਕਠੇ ਕਰਨ ਦਾ ਪਹਿਲਾ ਹੰਭਲਾ ਕਾਮਯਾਬ ਨਾ ਹੋ ਸਕਿਆ।

ਪੰਜਾਬੀਆਂ ਦੀ ਭਾਸ਼ਾ ਅਤੇ ਸਭਿਆਚਾਰ ਦੀ ਗੱਲ ਕਰੀਏ ਤਾਂ ਸਾਡੇ ਆਪਣੇ ਦੇਸ਼ ਭਾਰਤ ਵਿਚ ਪੰਜਾਬੀ ਭਾਸ਼ਾ ਨਾਲ ਬਹੁਤ ਸਮੇਂ ਤੀਕ ਵਿਤਕਰਾ ਹੁੰਦਾ ਰਿਹਾ। ਇਸ ਕਰਕੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਨੂੰ ਵੀ ਆਪਣੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਕਾਇਮ ਰੱਖਣ ਲਈ ਅਣਗਿਣਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਮੇਂ ਦੀ ਤੋਰ ਨਾਲ ਸਾਡੀ ਨਵੀਂ ਪੀੜ੍ਹੀ ਲਈ ਇਹ ਔਕੜਾਂ ਹੋਰ ਵੀ ਗੰਭੀਰ ਰੂਪ ਧਾਰਣ ਕਰ ਰਹੀਆਂ ਹਨ। ਇਨ੍ਹਾਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕਰਨਾ, ਇਕ ਦੂਜੇ ਦੇ ਤਜਰਬੇ ਤੋਂ ਉਤਸ਼ਾਹ ਅਤੇ ਸਹਿਯੋਗ ਤੋਂ ਸ਼ਕਤੀ ਪ੍ਰਾਪਤ ਕਰਨ ਨਾਲ ਹੀ ਪੰਜਾਬੀ ਇਸ ਮੰਤਵ ਵਿਚ ਸਫਲਤਾ ਪ੍ਰਾਪਤ ਕਰ ਸਕਦੇ ਹਨ। ਇਸ ਮੰਤਵ ਲਈ ਜ਼ਰੂਰੀ ਹੈ ਕਿ ਦੁਨੀਆਂ ਭਰ ਦੇ ਸਾਰੇ ਪੰਜਾਬੀਆਂ ਦੀ ਇਕ ਸਾਂਝੀ ਸੰਸਥਾ ਵੀ ਸਥਾਪਿਤ ਕੀਤੀ ਜਾਵੇ ਜੋ ਕਿ ਬਾਕਾਇਦਾ ਤੌਰ ਤੇ ਮਿਲੇ ਅਤੇ ਔਕੜਾਂ ਨੂੰ ਹੱਲ ਕਰਨ ਲਈ ਵਿਚਾਰ ਕਰੇ।

ਇਸ ਵੱਡੇ ਪ੍ਰਜੈਕਟ ਨੂੰ ਹੱਥ ਪਾਉਂਦਿਆਂ ਸਾਨੂੰ ਇਹ ਵੀ ਪੂਰਾ ਅਹਿਸਾਸ ਹੈ ਕਿ ਅਸੀਂ ਉਸ ਕੰਮ ਨੂੰ ਸ਼ੁਰੂ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜਿਸਦੇ ਪੰਜਾਬ ਸਰਕਾਰ ਵੀ ਸਫਲ ਨਹੀਂ ਹੋ ਸਕੀ। ਪਰ ਜੇ ਇਮਾਨਦਾਰੀ ਨਾਲ ਸੋਚੀਏ ਤਾਂ ਪੰਜਾਬ ਸਰਕਾਰ ਦੀ ਅਸਫਲਤਾ ਦਾ ਕਾਰਣ ਸਾਧਨਾਂ ਜਾਂ ਪੰਜਾਬੀਆਂ ਵਲੋਂ ਸਹਿਯੋਗ ਦੀ ਘਾਟ ਨਹੀਂ ਸੀ ਬਲਕਿ ਸਿਆਸੀ ਸਵੈ-ਵਿਸ਼ਵਾਸ਼ ਦੀ ਘਾਟ ਸੀ। ਭਾਰਤ ਵਿਚ ਕਈ ਉੱਘੇ ਪੰਜਾਬੀ ਵਿਚਾਰਵਾਨਾਂ ਅਤੇ ਲੀਡਰਾਂ ਨਾਲ ਮਸ਼ਵਰਾ ਕਰਨ ਤੋਂ ਬਾਅਦ ਅਸੀਂ ਸਭੋਂ ਇਹ ਮਹਿਸੂਸ ਕਰਦੇ ਹਾਂ ਕਿ ਇਸ ਕੰਮ ਦੀ ਸ਼ੁਰੂਆਤ ਸ਼ਾਇਦ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਹੀ ਕਰ ਸਕਦੇ ਹਨ।

ਪ੍ਰਗਤੀਸ਼ੀਲ ਲਿਖਾਰੀ ਸਭਾ, ਗ੍ਰੇਟ ਬ੍ਰਿਟੇਨ ਦੀ ਸਾਊਥਾਲ ਬਰਾਂਚ ਨੇ ਬਹੁਤ ਸੋਚ ਵਿਚਾਰ ਅਤੇ ਕਈ ਸ਼ੰਕਿਆਂ ਦੇ ਬਾ-ਵਜੂਦ ਵੀ ਇਸ ਸੰਮੇਲਨ ਬਾਰੇ ਕੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਹ ਸਮਾਗਮ ਸਾਊਥਾਲ ਬਰਾਂਚ ਦੇ ਸਾਲਾਨਾ ਸਮਾਗਮ ਦੀ ਸ਼ਕਲ ਵਿਚ ਹੋਵੇਗਾ। ਇਸ ਕਰਕੇ ਨਿਰਸੰਦੇਹ ਇਹ ਬਹੁਤ ਵੱਡੀ ਪੱਧਰ ਤੇ ਨਹੀਂ ਹੋ ਸਕਦਾ। ਪਰ ਫਿਰ ਵੀ ਅਸੀਂ ਇਹ ਨਿਸ਼ਚਾ ਕੀਤਾ ਹੈ ਕਿ ਅਸੀਂ ਕਈ ਦੇਸ਼ਾਂ ਦੇ ਪੰਜਾਬੀਆਂ ਲਈ ਇਕ ਜਗ੍ਹਾ ਤੇ ਮਿਲ ਬੈਠਣ ਦਾ ਮੌਕਾ ਜ਼ਰੂਰ ਪੈਦਾ ਕਰ ਸਕਾਂਗੇ। ਸਾਨੂੰ ਆਸ ਹੈ ਕਿ ਵਿਸ਼ੇਸ਼ ਕਰਕੇ ਬਰਤਾਨੀਆਂ ਵਿਚ ਰਹਿੰਦੇ ਪੰਜਾਬੀਆਂ ਦੀ ਸਹਾਇਤਾ ਅਤੇ ਵਿਸ਼ਵ ਦੇ ਪੰਜਾਬੀ ਅਦਾਰਿਆਂ ਦੀਆਂ ਸ਼ੁੱਭ ਇਛਾਵਾਂ ਨਾਲ ਅਸੀਂ ਸਫਲ ਵੀ ਹੋਵਾਂਗੇ।

ਇਸ ਸਬੰਧੀ ਛੇ ਮਈ ਐਤਵਾਰ ਨੂੰ ਸਾਊਥਾਲ ਬਰਾਂਚ ਦੀ ਇਕ ਮੀਟਿੰਗ ਵਿਚ ਇ. ਮੰਤਵ ਵਾਸਤੇ ਸੱਤ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ, ਜੋ ਕਿ ਇਸ ਸਮਾਗਮ ਦਾ ਪੂਰਾ ਪ੍ਰੋਗਰਾਮ ਬਣਾਵੇਗੀ ਅਤੇ ਪ੍ਰਬੰਧ ਕਰੇਗੀ। ਇਸ ਵਿਚ ਸਰਵਸ੍ਰੀ, ਜਗਤਾਰ ਢਾਅ, ਕਾਮਰੇਡ ਅਵਤਾਰ ਉੱਪਲ, ਅਵਤਾਰ ਜੰਡਿਆਲਵੀ, ਸ਼ੇਰ ਜੰਗ ਜਾਂਗਲੀ, ਸਰਵਣ ਸਿੰਘ, ਸਾਥੀ ਲੁਧਿਆਣਵੀ ਅਤੇ ਸਭਾ ਦੇ ਸਕੱਤਰ ਰਣਜੀਤ ਧੀਰ ਸ਼ਾਮਲ ਹੋਣਗੇ।

ਇਸੇ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਸੰਮੇਲਨ ਵਿਚ ਸ਼ਾਮਿਲ ਹੋਣ ਲਈ ਸਰਵ ਸ੍ਰੀ ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਸੁਜਾਨ ਸਿੰਘ

ਸੰਤ ਰਾਮ ਉਦਾਸੀ ਅਤੇ ਰੂਸੀ ਸਾਹਿਤਕਾਰ ਸਾਰਦਰੀਆਂਕੋਵ ਨੂੰ ਵਿਸ਼ੇਸ਼ ਤੌਰ ਤੇ ਸੱਦਾ ਪੱਤਰ ਭੇਜਿਆ ਜਾਵੇ। ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਕੋਲ ਵੀ ਵਿਸ਼ੇਸ਼ ਪਹੁੰਚ ਕੀਤੀ ਗਈ ਹੈ ਕਿ ਉਹ ਇਸ ਦਾ ਉਦਘਾਟਨ ਕਰਨ ਲਈ ਇੰਗਲੈਂਡ ਆਉਣ।

ਇਸ ਤੋਂ ਬਿਨਾਂ ਭਾਰਤ, ਪਾਕਿਸਤਾਨ, ਕੈਨੇਡਾ, ਅਮਰੀਕਾ, ਸਿੰਘਾਪੁਰ, ਕੀਨੀਆਂ, ਸਵੀਡਨ ਅਤੇ ਹੋਰਨਾਂ ਮੁਲਕਾਂ ਦੇ ਪੰਜਾਬੀਆਂ ਨੂੰ ਵੀ ਸੱਦੇ ਪੱਤਰ ਭੇਜੇ ਜਾ ਰਹੇ ਹਨ। ਇਨ੍ਹਾਂ ਵਿਚ ਗੁਰਬਚਨ ਰਾਮਪੁਰੀ, ਸਤੀ ਕੁਮਾਰ, ਸਲੀਮ ਗਿੰਮੀ, ਸ਼ਰੀਫ ਕੁੰਜਾਹੀ, ਦਲੀਪ ਕੌਰ ਟਿਵਾਣਾ, ਮੁਸ਼ਤਾਕ, ਫੈਲ, ਤਨਵੀਰ ਜ਼ਹੂਰ, ਗੁਰਦਿਆਲ ਸਿੰਘ, ਅਜੀਤ ਕੌਰ, ਮੀਸ਼ਾ, ਸੁਰਜੀਤ ਹਾਂਸ, ਪਾਸ਼, ਨਵਤੇਜ, ਬਰਜਿੰਦਰ ਹਮਦਰਦ, ਅਮਰਜੀਤ ਚੰਦਨ, ਸੁਰਿੰਦਰ ਦੁਸਾਂਝ, ਜਗਤਾਰ, ਵਿਰਦੀ, ਅੰਮ੍ਰਿਤਾ ਪ੍ਰੀਤਮ, ਭਾਪਾ ਪ੍ਰੀਤਮ ਸਿੰਘ ਜੀ ਆਰਸੀ, ਨਰਿੰਦਰਪਾਲ, ਪ੍ਰਭਜੋਤ, ਡਾਕਟਰ ਤਿਵਾੜੀ, ਪ੍ਰੀਤਮ ਸਿੰਘ, ਕੁਲਵੰਤ ਸਿੰਘ ਵਿਰਕ, ਤੇਜਵੰਤ ਗਿੱਲ, ਸੂਬਾ ਸਿੰਘ, ਹਰਭਜਨ ਸਿੰਘ, ਪਿਆਰਾ ਸਿੰਘ ਦਾਤਾ, ਪ੍ਰੋ. ਕਿਸ਼ਨ ਸਿੰਘ, ਗੁਰਦੇਵ ਪੰਨੂ, ਹੁੰਦਲ, ਗਾਰਗੀ, ਗੁਰਨਾਮ ਸਿੰਘ ਤੀਰ, ਰਘਬੀਰ ਸਿਰਜਣਾ ਆਦਿ ਦੇ ਨਾਂ ਵਰਣਨਯੋਗ ਹਨ।

ਸਮਾਗਮ ਸਤੰਬਰ - ਅਕਤੂਬਰ ਵਿਚ ਕਰਾਉਣ ਦਾ ਵਿਚਾਰ ਹੈ। ਤਰੀਕ ਤੇ ਪ੍ਰੋਗਰਾਮਾਂ ਦਾ ਵੇਰਵਾ ਆਦਿ ਬਾਅਦ ਵਿਚ ਦਿੱਤਾ ਜਾਵੇਗਾ। ਇਸ ਸੰਬੰਧ ਵਿਚ ਸਭਾ ਦੇ ਮੈਂਬਰ ਤਰਸੇਮ ਨੀਲਗਿਰੀ ਭਾਰਤ ਗਏ ਹੋਏ ਹਨ ਅਤੇ ਉਹ ਇਸ ਬਾਰੇ ਹੋਰ ਜਾਣਕਾਰੀ ਦੇਣਗੇ।

---

(ਸਫਾ 24 ਦੀ ਬਾਕੀ)

ਉਹ ਉਠ ਖੜੀ ਹੋਈ। ਮੁੜ ਸ਼ੀਤਲ ਦੀ ਫੋਟੋ ਵੱਲ ਵੇਖਣ ਲੱਗੀ। ਉਹਦੇ ਬੁੱਲ੍ਹ ਹੋਰ ਘੁੱਟ ਕੇ ਸੀਤੇ। ਮੁੜ ਸ਼ੀਸ਼ੇ 'ਚ ਤੱਕਿਆ। ਉਹਦੇ ਬੁੱਲ੍ਹ ਹੋਰ ਘੁੱਟੇ ਗਏ। ਉਹਦੇ ਚਿਹਰੇ ਦਾ ਮਾਸ ਖਿਚਿਆ ਗਿਆ। ਅੱਖਾਂ ਹੋਰ ਛੋਟੀਆਂ ਹੋ ਗਈਆਂ। ਉਹਦੇ ਮਨ ਦਾ ਖਲਲ ਉਬਾਲੇ ਖਾਣ ਲੱਗਾ। ਵੇਖਦੇ ਵੇਖਦੇ ਉਹਦੀ ਬਾਂਹ ਉਠੀ। ਉਹਨੇ ਮੁੱਕਾ ਵੱਟਿਆ। ਮਨ ਦਾ ਖਲਲ ਤਕਰੀਰ ਬਣ ਨਿਕਲਿਆ। ਉਹ ਪੂਰੇ ਜ਼ੋਰ ਨਾਲ ਬੋਲੀ।

"ਸਾਰੀ ਦੁਨੀਆਂ ਦੇ ਮਜ਼ਦੂਰੋ ਇਕ ਹੋ ਜਾਓ।"

"ਸਾਰੀ ਦੁਨੀਆਂ ਦੇ ਮਜ਼ਦੂਰੋ ਜਥੇਬੰਦ ਹੋ ਜਾਓ।"

ਹੁਣ ਉਹ ਚੁੱਪ ਸੀ। ਇਕ ਲਾਲ ਅੱਖਾਂ, ਘੁੱਟ ਕੇ ਸੀਤੇ ਬੁੱਲ੍ਹ, ਤਣੇ ਹੋਏ ਸਰੀਰ, ਉੱਠੀ ਹੋਈ ਬਾਂਹ ਅਤੇ ਵੱਟੇ ਹੋਏ ਮੁੱਕੇ ਨਾਲ ਉਹਦਾ ਪ੍ਰਤੀਬਿੰਬ ਉਹਨੂੰ ਘੂਰ ਘੂਰ ਕੇ ਵੇਖ ਰਿਹਾ ਸੀ।

---

(ਸਫਾ ੩੬ ਦੀ ਬਾਕੀ)

ਅਨੇਕਾਂ ਮਿਸਾਲਾਂ ਮਿਲਦੀਆਂ ਹਨ ।[10] ਇਸ ਦੇ ਪਿਛੋਂ ਦੇ ਜ਼ਮਾਨੇ (Chandogya up., iv, 4.1) ਵਿਚ ਸਭ ਤੋਂ ਵੱਧ ਪਰਹੇਜ਼ਗਾਰ ਬ੍ਰਾਹਮਣ ਜਾਤੀ ਆਪਣੇ ਖ਼ੂਨ ਨੂੰ ਨਿਰੋਲ ਕਾਇਮ ਰਖਣ ਦੇ ਹਿੱਤ ਦੀ ਬਹੁਤੀ ਪਾਬੰਦ ਨਹੀਂ ਜਾਪਦੀ' ।[11] ਪਰ ਜਿਵੇਂ ਜਿਵੇਂ ਜ਼ਮਾਨਾ ਬੀਤਦਾ ਗਿਆ, 'ਜਾਤੀਆਂ ਇਕ ਦੂਜੇ ਵਿਚਕਾਰ ਰੋਟੀ ਬੇਟੀ ਦੀ ਸਾਂਝ ਕਰਨੋਂ ਸੰਕੋਚ ਕਰਨ ਲਗੀਆਂ । ਬਲਕਿ ਹਰ ਇਕ ਜਾਤੀ ਆਪਣਾ ਕਿੱਤਾ ਵੀ ਨਿਖੇੜਨ ਲਗੀ ।'[12]

ਬੁੱਧ-ਮੱਤ ਦਾ ਪ੍ਰਭਾਵ ਕਮਜ਼ੋਰ ਹੋਣ ਪਿਛੋਂ ਬ੍ਰਾਹਮਣ-ਮੱਤ ਦੇ ਨਵਿਉਂ ਸਿਰਿਉਂ ਅਸਵਾਰ ਹੋਣ ਨਾਲ ਰੋਟੀ ਬੇਟੀ ਦੀ ਸਾਂਝ ਸੰਬੰਧੀ ਰੋਕ-ਬੰਦੀਆਂ ਹੋਰ ਵੀ ਸਖ਼ਤ ਹੋ ਗਈਆਂ । ਬਲਕਿ ਛੂਤ-ਛਾਤ ਵਰਗੀਆਂ ਕਈ ਹੋਰ ਨਵੀਆਂ ਰੋਕਾਂ ਚਾਲੂ ਹੋ ਗਈਆਂ । ਇਸ ਸਾਰੀ ਚਾਲ-ਢਾਲ (development) ਦਾ ਸਮੁਚਾ ਸਿੱਟਾ ਇਹ ਨਿਕਲਿਆ ਕਿ ਹਿੰਦੀ ਜਾਤ-ਪਾਤੀ ਸੁਸਾਇਟੀ ਦੁਨੀਆਂ ਭਰ ਦੇ ਸਭ ਭਾਈਚਾਰਿਆਂ ਨਾਲੋਂ ਵਧ ਵਿਤਕਰਿਆਂ ਤੇ ਹੱਦ-ਬੰਦੀਆਂ ਵਾਲ਼ੀ ਸੁਸਾਇਟੀ ਬਣ ਨਿਕਲੀ ।

ਹੋਰਨਾਂ ਮੁਲਕਾਂ ਵਿਚ ਭਾਈਚਾਰਕ ਵਿਤਕਰਿਆਂ ਨੇ ਅੰਤਮ ਸ਼ਕਲ ਜਮਾਤੀ ਵਿਤਕਰਿਆਂ ਦੀ ਫੜੀ । ਕੇਵਲ ਹਿੰਦ ਵਿਚ ਭਾਈਚਾਰਕ ਵਿਤਕਰੇ, ਬਲਕਿ ਜਮਾਤੀ ਵਿਤਕਰੇ ਵੀ, ਜਾਤ-ਪਾਤੀ ਪ੍ਰਬੰਧ ਵਿਚ ਢਲ ਗਏ । ਕਿਉਂ ?

○ ○

References :


1. Senart. E: Caste in India, p. 114
2. cited by W.H. Sykes :J.R.A.S., vol. vi, No. xii, p. 410
3. Hutton, J.H. : Caste in India, p. 140
4. Ibid. p. 142. 5. Ibid, p. 143
6. Ibid. p. 147 7. Ibid, p. 144
8. cited by Hutton, p. 141
9. Hutton, p. 143 10. Ibid, p. 147
11. League, R. W. : Roman Private Law, 64
12. Dhalla, M.N. 13. Ibid, p. 296 14. Ibid, p.
15. Sena-rt, p. 114
16. Douglas, R.K. : Society in China, pp. 120-146
- - - - - - - - -


([illegible])

ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ
PANJAB CULTURAL ASSOCIATION
Vancouver, B. C., Canada

ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ ਵਲੋਂ 19 ਮਈ ਦੀ ਰਾਤ ਨੂੰ "ਭੰਗੜਾ ਫੈਸਟੀਵਲ" ਨਾਂ ਦਾ ਇਕ ਪ੍ਰੋਗਰਾਮ ਪੇਸ਼ ਕੀਤਾ। ਇਹ ਆਪਣੇ ਆਪ ਵਿਚ ਬਿਲਕੁਲ ਨਵੀਂ ਕਿਸਮ ਦਾ ਪ੍ਰੋਗਰਾਮ ਸੀ। ਇਹੋ ਜਿਹੇ ਪ੍ਰੋਗਰਾਮ ਪੰਜਾਬ ਦਿਆਂ ਕਾਲਜਾਂ ਵਿਚ ਤਾਂ ਸ਼ਾਇਦ ਕਦੀ ਕਦੀ ਪੇਸ਼ ਕੀਤੇ ਜਾਂਦੇ ਹੋਣ ਪਰ ਕਾਲਜਾਂ ਤੋਂ ਬਾਹਰ ਤੇ ਖਾਸ ਕਰ ਕੈਨੇਡਾ ਵਿਚ ਸਟੇਜ ਉਪਰ ਸਿਰਫ ਲੋਕ ਨਾਚ ਪੇਸ਼ ਕਰਨ ਦੀ ਪਹਿਲੀ ਕੋਸ਼ਿਸ਼ ਸੀ। ਇਸ ਵਿਚ ਸੱਤ ਭੰਗੜੇ ਦੀਆਂ ਟੀਮਾਂ, ਇਕ ਗੁਜਰਾਤੀ ਲੋਕ ਨਾਚ ਤੇ ਕੁਝ ਪੰਜਾਬੀ ਲੋਕ ਗੀਤ ਸ਼ਾਮਲ ਸਨ।

ਸਟੇਜ ਉਪਰ ਲਗਾਤਾਰ ਤਿੰਨ ਘੰਟੇ ਭੰਗੜਾ ਪੈਂਦਾ ਰਿਹਾ ਤੇ ਸਰੋਤਿਆਂ ਨੇ ਇਕ ਪਲ ਲਈ ਵੀ ਬੋਰੀਅਤ ਮਹਿਸੂਸ ਨਹੀਂ ਕੀਤੀ। ਸਗੋਂ ਸਾਰਾ ਹਾਲ ਸਾਰਾ ਸਮਾਂ ਤਾੜੀਆਂ ਨਾਲ ਗੂੰਜਦਾ ਰਿਹਾ। ਇਸ ਪ੍ਰਭਾਵ ਦੇ ਪੱਖ ਤੋਂ ਇਹ ਵੈਨਕੂਵਰ ਵਿਚ ਹੋਏ ਹਰ ਪ੍ਰੋਗਰਾਮ ਤੋਂ ਵੱਧ ਸਫਲ ਰਿਹਾ।

ਪੰਜਾਬ ਕਲਚਰਲ ਐਸੋਸੀਏਸ਼ਨ ਵਲੋਂ ਚਾਰ ਭੰਗੜੇ ਦੀਆਂ ਟੀਮਾਂ ਤਿਆਰ ਕੀਤੀਆਂ ਗਈਆਂ ਸਨ। ਇਕ ਨੌਂ ਤੋਂ ਲੈ ਕੇ ਬਾਰਾਂ ਤੇਰਾਂ ਸਾਲ ਦੇ ਬੱਚਿਆਂ ਦੀ ਟੀਮ, ਐਸੋਸੀਏਸ਼ਨ ਦੇ ਮੈਂਬਰਾਂ ਨੇ ਰਲ ਕੇ ਦੋ ਤਿੰਨ ਮਹੀਨੇ ਦੀ ਸਖਤ ਮੇਹਨਤ ਨਾਲ ਤਿਆਰ ਕੀਤੀ। ਛੋਟਿਆਂ ਬੱਚਿਆਂ ਦੀ ਟੀਮ ਨੇ ਪ੍ਰੋਗਰਾਮ ਦੇ ਅਖੀਰ ਵਿਚ ਭੰਗੜਾ ਪਾ ਕੇ ਸਰੋਤਿਆਂ ਨੂੰ ਖੁਸ਼ੀ ਤੇ ਆਸ ਨਾਲ ਭਰ ਦਿੱਤਾ। ਪਰ ਪ੍ਰੋਗਰਾਮ ਵਿਚ ਸਭ ਤੋਂ ਵੱਧ ਸਫਲ ਕੈਲਗਰੀ ਦੀ ਟੀਮ ਰਹੀ। ਢੋਲੀ ਪਿਆਰੇ ਅਤੇ ਗਾਇਕ ਬਲਵੀਰ ਦੇ ਬੋਲਾਂ ਨਾਲ ਤਾਲ ਮੇਲ ਕੇ ਟੀਮ ਦੇ ਛੇ ਮੈਂਬਰਾਂ ਨੇ ਉਹ ਅਜੇਹਾ ਰੰਗ ਬੰਨ੍ਹਿਆਂ ਕਿ ਪੰਜਾਬੀ ਦਰਸ਼ਕਾਂ ਨੇ ਪਹਿਲੀ ਵਾਰੀ ਮਹਿਸੂਸ ਕੀਤਾ ਕਿ ਉਹਨਾਂ ਦਾ ਲੋਕ ਨਾਚ ਭੰਗੜਾ ਵੀ ਇੰਨੀ ਕਮਾਲ ਦੀ ਚੀਜ਼ ਹੋ ਸਕਦੀ ਹੈ। ਸਰੀ ਤੇ ਪ੍ਰਿੰਸ ਜਾਰਜ ਦੀਆਂ ਟੀਮਾਂ ਨੇ ਵੀ ਆਪਣੀ ਕਲਾ ਨਾਲ ਹਰ ਵੱਖਾਂ ਦੇ ਜੋੜੇ ਨੂੰ ਖੁਸ਼ੀ ਵਿਚ ਤਾੜੀਆਂ ਮਾਰਨ ਲਈ ਪ੍ਰੇਰੀ ਰੱਖਿਆ। ਐਸੋਸੀਏਸ਼ਨ ਦੀਆਂ ਦੂਜੀਆਂ ਤਿੰਨ ਟੀਮਾਂ ਵੀ ਆਪਣੀ ਥਾਂ ਪੂਰੀਆਂ ਕਾਮਯਾਬ ਰਹੀਆਂ। ਗੁਜਰਾਤੀ ਲੋਕ ਨਾਚ ਵੀ ਸਭ ਦਰਸ਼ਕਾਂ ਵਲੋਂ ਕਾਫੀ ਸਲਾਹਿਆ ਗਿਆ। ਇਹ ਗੱਲ ਅਫਸੋਸ ਵਾਲੀ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਟਿਕਟਾਂ ਨਾ ਮਿਲਣ ਕਾਰਨ ਵਾਪਸ ਜਾਣਾ ਪਿਆ ਅਤੇ ਬਹੁਤ ਸਾਰੇ ਦਰਸ਼ਕਾਂ ਨੂੰ ਹਾਲ ਦੇ ਪਿਛਲੇ ਹਿੱਸੇ ਵਿਚੋਂ ਪ੍ਰੋਗਰਾਮ ਖਤਮ ਹੋਣ ਤੋਂ ਪਹਿਲਾਂ ਹੀ ਘਰ ਨੂੰ ਜਾਣਾ ਪਿਆ। ਇਸ ਦਾ ਕਾਰਨ ਪਿਛੇ ਬੈਠੇ ਬਹੁਤ ਸਾਰੇ ਸ਼ਰਾਬੀ ਸਨ। ਪੰਜਾਬੀ ਪ੍ਰੋਗਰਾਮਾਂ ਵਿਚ ਸ਼ਰਾਬੀਆਂ ਦੀ ਸਮੱਸਿਆ ਆਮ ਹੁੰਦੀ ਹੈ, ਪਰ ਜਿਵੇਂ ਜਿਵੇਂ ਅਸੀਂ ਵਧੀਆ ਪ੍ਰੋਗਰਾਮ ਪੇਸ਼ ਕਰਨ ਵਿਚ ਕਾਮਯਾਬ ਹੋ ਰਹੇ ਹਾਂ ਉਮੀਦ ਹੈ ਅਸੀਂ ਵਧੀਆ ਦਰਸ਼ਕ ਵੀ ਬਣਨ ਵਿਚ ਕਾਮਯਾਬ ਹੋ ਜਾਵਾਂਗੇ।

ਇਸ ਸ਼ਾਨਦਾਰ ਪ੍ਰੋਗਰਾਮ ਨੂੰ ਪੇਸ਼ ਕਰਨ ਵਾਲੀ ਐਸੋਸੀਏਸ਼ਨ ਬਾਰੇ ਵੀ ਇਕ ਦੋ ਗੱਲਾਂ ਕਰਨੀਆਂ ਵਧੀਕੀ ਨਹੀਂ ਹੋਵੇਗੀ। ਇਹ ਐਸੋਸੀਏਸ਼ਨ ਸੱਤ ਸਾਲ ਪਹਿਲਾਂ ਹੋਂਦ ਵਿਚ ਆਈ। ਇਸ ਦੇ ਮੈਂਬਰ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਬਿਨਾਂ ਕਿਸੇ ਜਾਤੀ ਫਾਇਦੇ ਦੇ ਪੰਜਾਬ ਦੇ ਸਭਿਆਚਾਰ ਨੂੰ ਦੂਜੀਆਂ ਕੌਮਾਂ ਦੇ ਲੋਕਾਂ ਵਿਚ ਪੇਸ਼ ਕਰਦੇ ਆ ਰਹੇ ਹਨ। ਹੁਣ ਤੱਕ ਇਹਨਾਂ ਨੂੰ ਕਮਿਊਨਿਟੀ ਦੇ ਕਈ ਬਿਜ਼ਨੈਸਮੈਨਾਂ ਤੇ ਹੋਰ ਮੌਕਾ ਪ੍ਰਸਤਾਂ ਨੇ ਗੱਠਾਂ ਲੈਣ ਲਈ ਜਾਂ ਆਪਣੇ ਫਾਇਦੇ ਲਈ ਵਰਤਣ ਦੀ ਕੋਸ਼ਿਸ਼ ਕੀਤੀ। ਪਰ ਐਸੋਸੀਏਸ਼ਨ ਦੇ ਮੈਂਬਰਾਂ ਵਾਰ ਲਗਾਈ ਨੂੰ ਕਿਸੇ ਦਾ ਵੀ ਦਾਸ ਨਹੀਂ ਬਣਨ ਦਿੱਤਾ। ਇਹਨਾਂ ਨੇ ਸੈਂਟੀਨੀਅਲ ਦੀਆਂ ਓਲਿੰਪਕ ਤੋਂ ਲੈ ਕੇ ਵੈਨਕੂਵਰ ਦੇ ਆਲੇ ਦੁਆਲੇ ਦੇ ਕਿੰਨੇ ਕਿੰਨੇ ਸ਼ਹਿਰਾਂ ਤੇ ਕਸਬਿਆਂ ਵਿਚ ਆਪਣਾ ਭੰਗੜਾ ਪੇਸ਼ ਕੀਤਾ ਹੈ ਅਤੇ ਲੋਕਾਂ ਨੂੰ ਪੰਜਾਬੀ ਸਭਿਆਚਾਰ ਤੋਂ ਜਾਣੂ ਕਰਾਇਆ ਹੈ।

ਜਾਣ ਪਛਾਣ ਦੀ ਇਹਨਾਂ ਦੀ ਇਹ ਦੇਣ ਦੂਜੇ ਲੋਕਾਂ ਲਈ ਹੀ ਨਹੀਂ ਸਗੋਂ ਪੰਜਾਬੀਆਂ ਲਈ ਵੀ ਬਹੁਤ ਵੱਡੀ ਹੈ। ਜਿਥੇ ਆਪਣੇ ਲੋਕ ਨਾਚ, ਲੋਕ ਗੀਤ ਤੇ ਹੋਰ ਕਲਾ ਨਮੂਨੇ ਮਾਣ ਕਰਨ ਵਾਲੀ ਚੀਜ਼ ਹੁੰਦੇ ਹਨ ਉਥੇ ਸਾਡੇ ਕਈ ਚੌਧਰੀ ਇਹ ਨੂੰ ਪੇਂਡੂਆਂ ਤੇ ਨੀਵਿਆਂ ਲੋਕਾਂ ਦਾ ਕੰਮ ਹੀ ਦਸਦੇ ਰਹੇ ਹਨ। ਪਰ ਲਗਦਾ ਹੈ ਹੁਣ ਹੌਲੀ ਹੌਲੀ ਉਹਨਾਂ ਨੂੰ ਵੀ ਇਸ ਦੀ ਸਮਝ ਆ ਰਹੀ ਹੈ। ਇਹ ਮਾਣ ਵਾਲੀ ਗੱਲ ਹੈ ਕਿ ਹੁਣ ਕਲਾ ਦੇ ਖੇਤਰ ਵਿਚ ਵੀ ਪੰਜਾਬੀ ਪੂਰੇ ਸਰਗਰਮ ਹਨ। ਇਥੇ ਅਸੀਂ ਆਪਣੀਆਂ ਦੂਜੀਆਂ ਜਥੇਬੰਦੀਆਂ ਤੇ ਖਾਸ ਕਰ ਗੁਰਦੁਆਰਾ ਕਮੇਟੀਆਂ ਨੂੰ ਇਹ ਅਪੀਲ ਕਰਾਂਗੇ ਕਿ ਜਿਥੇ ਧਾਰਮਿਕ ਕੰਮਾਂ ਲਈ ਉਹਨਾਂ ਦੇ ਹਰ ਸਾਲ ਲੱਖਾਂ ਡਾਲਰਾਂ ਦੇ ਬੱਜਟ ਹੁੰਦੇ ਹਨ ਉਥੇ ਇਸ ਪੈਸੇ ਦਾ ਕੁਝ ਹਿੱਸਾ ਸਾਡੇ ਸਭਿਆਚਾਰ ਦੇ ਦੂਜੇ ਪੱਖਾਂ ਜਿਵੇਂ ਲੋਕ ਨਾਚ, ਲੋਕ ਗੀਤ, ਬੋਲੀ, ਸਾਹਿਤ, ਰੰਗਮੰਚ ਤੇ ਹੋਰ ਆਦਿ ਲਈ ਵੀ ਜ਼ਰੂਰ ਰਾਖਵਾਂ ਰੱਖਣਾ ਚਾਹੀਦਾ ਹੈ। ਧਰਮ ਦੇ ਨਾਲ ਨਾਲ ਦੂਜੇ ਪੱਖ ਵੀ ਸਾਡੇ ਸਭਿਆਚਾਰ ਨੂੰ ਜਿਊਂਦਾ ਰੱਖਣ ਲਈ ਨਿਹਾਇਤ ਜ਼ਰੂਰੀ ਹਨ।

ਅੰਤ ਵਿਚ ਪੰਜਾਬ ਕਲਚਰਲ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਉਹਨਾਂ ਦੇ ਸ਼ਾਨਦਾਰ ਪ੍ਰੋਗਰਾਮ ਤੇ ਹੋਰ ਸਭਿਆਚਾਰਕ ਕੰਮਾਂ ਲਈ ਵਧਾਈ ਦਿੰਦੇ ਹਾਂ। ਅਤੇ ਆਸ ਰੱਖਦੇ ਹਾਂ ਕਿ ਉਹ ਅੱਗੋਂ ਤੋਂ ਵੀ ਆਪਣੇ ਸਭਿਆਚਾਰ ਨੂੰ ਕਾਇਮ ਰੱਖਣ ਲਈ ਆਪਣੀਆਂ ਕੋਸ਼ਿਸ਼ਾਂ ਕਰਦੇ ਰਹਿਣਗੇ।

-ਸਾਧੂ

# ਊਂਠ ਦਾ ਵੂਲ੍ਹ

ਸੁਰਿੰਦਰ ਕੈਲੇ

ਸਾਰੇ ਪਿੰਡ ਵਾਲੇ ਬਹੁਤ ਖੁਸ਼ ਸਨ ਪਰ ਬਾਬੇ ਦੀ ਖੁਸ਼ੀ ਦੀ ਤਾਂ ਕੋਈ ਹੱਦ ਹੀ ਨਹੀਂ ਸੀ। ਇਸ ਸਾਲ ਕਣਕ ਦੀ ਫਸਲ ਪਿਛਲੇ ਕਈ ਸਾਲਾਂ ਨਾਲੋਂ ਵਧੀਆ ਸੀ। ਲਹਿਲਹਾਉਂਦੀ ਫਸਲ ਨੂੰ ਦੇਖ ਬਾਬਾ ਖੁਸ਼ੀ 'ਚ ਝੂਮਣ ਲਗਦਾ। ਪਿਛਲੇ ਸਾਲਾਂ ਤੋਂ ਵਧਦੇ ਆ ਰਹੇ ਕਰਜ਼ੇ ਉਹ ਇਸ ਸਾਲ ਦੀ ਕਣਕ ਵੇਚ ਲਾਹ ਦੇਵੇਗਾ। ਫਿਰ ਸੁਸਾਇਟੀ ਵਾਲੇ ਖਾਦ ਦੇ ਕਰਜ਼ੇ ਦੀ ਉਗਰਾਹੀ ਲਈ ਉਸਦੇ ਘਰ ਗੇੜੇ ਨਹੀਂ ਮਾਰਨਗੇ। ਘਰਦਿਆਂ ਲਈ ਟਾਕੀਆਂ ਵਾਲੇ ਲੀੜਿਆਂ ਦੀ ਥਾਂ ਸਾਬਤ ਤੇ ਨਵੇਂ ਕਪੜੇ ਹੋਣਗੇ ਤੇ ਆਪਣੇ ਲਈ ਉਹ ਨਵੀਂ ਚਿੱਟੇ ਲੱਠੇ ਦੀ ਧੋਤੀ ਬਣਾਏਗਾ। ਉਸ ਨੂੰ ਕਰਜ਼ੇ ਵਾਲਿਆਂ ਦੇ ਡਰਾਉਣੇ ਸੁਪਨੇ ਨਹੀਂ ਆਉਣਗੇ ਤੇ ਉਹ ਚੈਨ ਦੀ ਨੀਂਦਰ ਸੌਂ ਸਕੇਗਾ। ਅਜਿਹਾ ਸੋਚਦਾ ਬਾਬਾ ਸੌਂ ਗਿਆ।

ਦਿਨ ਚੜ੍ਹਦੇ ਨੂੰ ਪਿੰਡ 'ਚ ਕਾਵਾਂ ਰੌਲੀ ਮੱਚ ਗਈ। ਕਿਸਾਨਾਂ ਦੇ ਖਿੜਦੇ ਚਿਹਰੇ ਮੁਰਝਾ ਗਏ, ਜਿਵੇਂ ਫੁਲਾਂ ਨੂੰ ਅੱਗ ਨੇ ਲੂਹ ਦਿਤਾ ਹੋਵੇ। ਬਾਬਾ ਸੋਟੀ ਸਹਾਰੇ ਖੇਤਾਂ ਵਲ ਗਿਆ। ਰਾਤ ਦੇ ਝੱਖੜ ਤੇ ਗੜਿਆਂ ਨੇ ਕਣਕ ਦੀ ਡਾਲ ਡਾਲ ਤੋੜ ਦਿਤੀ ਸੀ, ਕੋਈ ਵੀ ਬੱਲੀ ਦਿਖਾਈ ਨਹੀਂ ਸੀ ਦਿੰਦੀ। ਰੁੰਡ ਮਰੁੰਡ ਹੋਈਆਂ ਤੀਲਾਂ ਜਿਵੇਂ ਮੂੰਹ ਚਿੜਾ ਰਹੀਆਂ ਸਨ। ਬਾਬੇ ਨੂੰ ਲੱਗਿਆ ਜਿਵੇਂ ਨਾਦਰਸ਼ਾਹੀ ਫਿਰ ਗਈ ਹੋਵੇ ਤੇ ਉਸਦਾ ਸਭ ਕੁਝ ਲੁਟਿਆ ਗਿਆ ਹੋਵੇ।

ਅਗਲੇ ਹੀ ਦਿਨ ਸਰਕਾਰੀ ਜੀਪਾਂ ਮਖਿਆਲ ਦੀਆਂ ਮੱਖੀਆਂ ਵਾਂਗ ਪਿੰਡਾਂ 'ਚ ਘੁੰਮਣ ਲਗੀਆਂ। ਜੀਪਾਂ ਤੇ ਰਖੇ ਸਪੀਕਰ ਕਿਸੇ ਵੱਡੇ ਮੰਤਰੀ ਦੇ ਆਉਣ ਦਾ ਢੰਡੋਰਾ ਪਿੱਟ ਰਹੇ ਸਨ, ਜਿਸ ਨੇ ਅੱਖੀਂ ਦੇਖ ਕੇ ਹੋਏ ਨੁਕਸਾਨ ਦਾ ਜਾਇਜ਼ਾ ਲੈਕੇ ਮਦਦ ਦੇਣੀ ਸੀ, ਤਾਂ ਜੁ ਬਰਬਾਦ ਹੋਏ ਕਿਸਾਨਾਂ ਨੂੰ ਮੁੜ ਵਸਾਇਆ ਜਾ ਸਕੇ।

ਵਕਤ ਦੇ ਮਾਰੇ ਲੋਕਾਂ 'ਚ ਥੋੜੀ ਹਿੰਮਤ ਆਈ, ਜਿਵੇ ਡੁਬਦੇ ਨੂੰ ਤੀਲੇ ਦਾ ਸਹਾਰਾ ਮਿਲ ਗਿਆ ਹੋਵੇ : ਅਗਲਾ ਦਿਨ ਉਨ੍ਹਾਂ ਬੜੀ ਬੇਸਬਰੀ ਨਾਦ ਲੰਘਾਇਆ ਤੇ ਤੜਕੇ ਤੋਂ ਹੀ ਲੋਕ ਨਿਆਈਂ ਦੇ ਡੇਰੇ ਵਾਲੀ ਖਾਲੀ ਪਈ ਜ਼ਮੀਨ 'ਚ ਜਮ੍ਹਾਂ ਹੋਣ ਲਗ ਗਏ। ਪਿਛਲੇ ਸਾਲ ਨਿਆਈਂ 'ਚ ਖੱਬੀਖਾਨ ਦਾ ਗੌਣ ਲਗਿਆ ਸੀ—ਦੂਰ ਦੂਰ ਦੇ ਪਿੰਡਾਂ ਚੋਂ ਲੋਕ ਆਏ ਸਨ, ਪਰ ਨਿਆਈਂ ਖਾਲੀ ਖਾਲੀ ਲਗਦੀ ਸੀ। ਨਿਆਈਂ ਵਾਲੀ ਜਗਾ ਖੁਲ੍ਹੀ ਹੋਣ ਕਰਕੇ ਹੀ ਮੰਤਰੀ ਦੇ ਆਉਣ ਲਈ ਚੁਣੀ ਗਈ ਸੀ। ਅੱਜ ਇਸੇ ਨਿਆਈ 'ਚ ਤਿਲ ਧਰਨ ਜੋਗੀ ਥਾਂ ਨਹੀਂ ਸੀ। ਬਿਪਤਾ ਮਾਰੇ ਲੋਕ ਆਸ਼ਾਵੰਦ ਹੋਏ ਮੰਤਰੀ ਨੂੰ ਉਡੀਕ ਰਹੇ ਸਨ। ਬਾਬਾ ਵੀ ਥੋੜੇ ਉਪਰ ਬੈਠ ਆ ਗਿਆ, ਬੋਤੇ ਦੀ ਮੁਹਾਰ ਢਿੱਲੀ ਛੱਡ ਪਿਛੇ ਜਿਹੇ ਜਿਥੇ ਥਾਂ ਮਿਲੀ ਬੈਠ ਗਿਆ।

ਜਰਨੈਲੀ ਸੜਕੋਂ ਉਤਰ ਮੰਤਰੀ ਜੀ ਸਿਧੇ ਕੱਚੇ ਰਾਹ ਹੁੰਦੇ ਹੋਏ ਨਿਆਈਂ ਪੰਡਾਲ 'ਚ ਪੁਜ ਗਏ। ਲੋਕਾਂ ਨੇ ਤਾੜੀਆਂ ਮਾਰ ਮਾਰ ਅਕਾਸ਼ ਗੁੰਜਾ ਦਿਤਾ। ਮੰਤਰੀ ਲੋਕਾਂ ਵਲੋਂ ਹੁੰਦੀ ਜੈ ਜੈ ਕਾਰ ਦੇਖ ਮਸਤ ਹਾਥੀ ਵਾਂਗੂ ਝੂਮਦਾ ਸਟੇਜ ਤੇ ਆ ਗਿਆ। ਮੰਤਰੀ ਜੀ ਨੇ ਬੜਾ ਪ੍ਰਭਾਵਸ਼ਾਲੀ ਭਾਸ਼ਨ ਦਿਤਾ ਕਿ ਪਿਛਲੇ ਦਿਨੀਂ ਇਸ ਇਲਾਕੇ ਉਪਰ ਕੁਦਰਤ ਦੀ ਹੋਈ ਕਰੋਪੀ ਨਾਲ ਜੋ ਨੁਕਸਾਨ ਹੋਇਆ ਹੈ ਉਹ ਸਰਕਾਰੀ ਅੰਦਾਜ਼ੇ ਨਾਲੋਂ ਕਿਤੇ ਵਧ ਹੈ। ਇਸ ਪੀੜਾ ਸਮੇਂ ਸਰਕਾਰ ਜੰਤਾ ਦੇ ਨਾਲ ਹੈ, ਖਾਸ ਕਰਕੇ ਮੰਤਰੀ ਜੀ ਦੀ ਦਿਲੀ ਹਮਦਰਦੀ। ਗੜੇਮਾਰ ਨਾਲ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਸਰਕਾਰ ਵਲੋਂ ਗਰਾਂਟ ਦੇਣ ਦਾ ਵਾਹਦਾ ਵੀ ਕੀਤਾ। ਮੰਤਰੀ ਜੀ ਨੇ ਇਸ ਗੱਲ ਉਪਰ ਖਾਸ ਜ਼ੋਰ ਦਿਤਾ ਕਿ ਕਿਸਾਨ ਦੇਸ਼ ਦੀ ਖੜਗ-ਭੁਜਾ ਹੀ ਨਹੀਂ ਅੰਨਦਾਤੇ ਵੀ ਹਨ, ਤੇ ਇਹੋ ਜਿਹੀਆਂ ਮੁਸੀਬਤਾਂ ਨੂੰ ਉਹ ਦ੍ਰਿੜ ਇਰਾਦੇ ਨਾਲ ਹਲ ਕਰ ਸਕਦੇ ਹਨ।

ਮੰਤਰੀ ਜੀ ਦੇ ਭਾਸ਼ਨ ਤੇ ਲੋਕਾਂ ਨੇ ਤਾੜੀਆਂ ਦਾ ਹੜ੍ਹ ਲਿਆ ਦਿਤਾ। ਉਨ੍ਹਾਂ ਨੂੰ ਲਗਿਆ ਜਿਵੇਂ ਰੱਬ ਆਪ ਮਦਦ ਕਰਨ ਬਹੁੜਿਆ ਹੋਵੇ। ਉਹ ਹੋਰ ਵੀ ਮਸਤੀ ਮੁਗਧ ਹੋ ਗਿਆ ਤੇ ਐਲਾਨ ਕੀਤਾ ਕਿ ਉਹ ਸਰਕਾਰੀ ਖਜਾਨੇ ਵਿਚੋਂ ਪੰਜ ਹਜ਼ਾਰ ਰੁਪਏ ਇਲਾਕੇ ਦੇ ਮੁਸੀਬਤ ਮਾਰੇ ਲੋਕਾਂ ਨੂੰ ਗਰਾਂਟ ਦੇ ਰੂਪ ਵਿਚ ਦਿੰਦਾ ਹੈ। ਲੋਕਾਂ ਨੇ ਪਹਿਲਾਂ ਨਾਲੋਂ ਵੀ ਵੱਧ ਜੋਰ ਨਾਲ ਤਾੜੀਆਂ ਮਾਰੀਆਂ। ਮੰਤਰੀ ਜੀ ਚੋਣ ਜਿਤੇ ਉਮੀਦਵਾਰ ਵਾਂਗ ਹਵਾ 'ਚ ਉਡਦੇ ਵਾਪਸ ਸਿਧੇ ਰਾਜਧਾਨੀ ਨੂੰ ਚਲੇ ਗਏ। ਤੇ ਲੋਕ ਖੁਸ਼ੀ ਖੁਸ਼ੀ ਮੰਤਰੀ ਨੂੰ ਦਾਦ ਦਿੰਦੇ ਅਪਣੇ ਅਪਣੇ ਘਰਾਂ ਨੂੰ ਚਲੇ ਗਏ। ਪਰ ਬਾਬੇ ਦੀ ਆਸ ਨਿਰਾਸ਼ਾ ਵਿਚ ਬਦਲ ਗਈ ਸੀ। ਉਹ ਸੋਚ ਰਿਹਾ ਸੀ ਕਿ ਪੰਜ ਹਜ਼ਾਰ ਰੁਪਏ ਦੀ ਗਰਾਂਟ ਨਾਲ ਲੋਕਾਂ ਨੂੰ ਕੋਈ ਰਾਹਤ ਮਿਲੇਗੀ ? ਕੀ ਮੰਤਰੀ ਦੀ ਹਮਦਰਦੀ ਨਾਲ ਮੁਸੀਬਤ ਘਟ ਜਾਏਗੀ ? ਉਸ ਦਾ ਧਿਆਨ ਉਗਾਲੀ ਕਰ ਰਹੇ ਊਂਠ ਵਲ ਗਿਆ, ਲਗਦਾ ਕਿ ਵੂਲ੍ਹ ਡਿੱਗਾ ਕਿ ਡਿੱਗਾ। ਪਰ ਊਂਠ ਦਾ ਵੂਲ੍ਹ ਕਦੇ ਨਹੀਂ ਡਿਗਣਾ—ਇਹ। ਬਾਬੇ ਨੂੰ ਪਤਾ ਲਗ ਗਿਆ। ਉਹ ਖੂੰਡੀ ਸਹਾਰੇ ਉਠਿਆ ਤੇ ਬੋਤੇ ਉਪਰ ਬੈਠ ਵਕਤੀ ਤੌਰ ਤੇ ਭੁੱਲੀ ਮੁਸੀਬਤੇ ਵਾਲੇ ਲੋਕਾਂ ਮਗਰ ਚਿੰਤਾਤੁਰ ਚਲ ਪਿਆ। (ਲੁਧਿਆਣਾ)


**PLUMBING & HOT WATER HEATING!**

**For Commercial & Residential**
**New Houses or**
**New Installments**
**Alterations**
**Re-Pipeing or**
**Repairs**
**Hot-water Tank**

ਪਲੰਬਿੰਗ ਅਤੇ
ਤੱਤੇ ਪਾਣੀ ਦੀ
ਮੁਰੰਮਤ ਲਈ
ਸਾਨੂੰ ਫੋਨ ਕਰੋ:

**PH: 433-9865**

**Very Low Rates**

**Lashman Plumbing**
**3705 Fir St. Burnaby, B.C.**

# How to keep your farm in the family.

**You can ensure its financial future with a Sun Life policy. There's one that can take care of any mortgage left on the property and any debts on the equipment at your death. Retirement income can also be provided. May I give you the details.**



MOHINDAR S. GILL, B.COMM., M.B.A., C.G.A.

Telephone: Off: 682-8441
Res: 433-1684

Get your life in shape.

SunLife OF CANADA

VANCOUVER ROYAL CENTRE BRANCH
SUN LIFE ASSURANCE COMPANY OF CANADA
730 - 1055 W. GEORGIA ST.
VANCOUVER 5, B.C.

---

# Super Saver Grocery Store
# 6236 Fraser Street, Vancouver

## ਹਰ ਇਕ ਕਿਸਮ ਦੀ ਗਰਾਸਰੀ

ਜਿਵੇਂ ਕਿ: ਵਧੀਆ ਦਾਲਾਂ, ਚਾਵਲ,
ਮਸਾਲੇ, ਆਚਾਰ, ਮੁਰਬੇ, ਚਟਨੀਆਂ, ਪਾਪੜ,
ਪਿਸਤਾ, ਕਾਜੂ, ਸਬਜ਼ੀਆਂ, ਨਮਕੀਨ ਤੇ ਸੈਂਕੜੇ
ਹੋਰ ਚੀਜ਼ਾਂ ਘਟ ਕੀਮਤ ਤੇ ਲੈਣ ਲਈ ਹਮੇਸ਼ਾ
ਯਾਦ ਰਖੋ। ਵਿਆਹਾਂ ਸ਼ਾਦੀਆਂ ਅਖੰਡ ਪਾਠਾਂ ਧਾਰਮਿਕ ਕਾਰਜਾਂ
ਲਈ ਖਾਸ ਰਿਆਇਤ।
ਵੈਨਕੂਵਰ ਤੋਂ ਬਾਹਰ ਸਮਾਨ ਭੇਜਣ ਦਾ ਖਾਸ ਪ੍ਰਬੰਧ ਹੈ।

FRESH FRUITS
VEGETABLES



PAL

**STAINLESS STEEL UTENSILS. 10 % off**

*Time: 9 a.m.-9 p.m. Seven days a week.*

**Tel. Bus.324-1838,
Res.278-5802**

# ਚੀਨ ਦੀ ਕ੍ਰਾਂਤੀ ਬਾਰੇ ਕੁਝ ਪ੍ਰਭਾਵ

— ਡਾ: ਮਹਿੰਦਰ ਕੁਮਾਰ

ਅਨੁਵਾਦਕ : ਗੁਰਬਖਸ਼ ਜੱਸ    ਪੰਨੇ : 54
ਪ੍ਰਕਾਸ਼ਕ : ਬਲਰਾਜ ਸਾਹਨੀ ਯਾਦਗਾਰੀ ਪਰਚੂ ਪੁਸਤਕਮਾਲਾ - ਅੰਮ੍ਰਿਤਸਰ

ਚੀਨ ਬਾਰੇ ਅਸੀਂ ਬਹੁਤ ਘੱਟ ਜਾਣਦੇ ਹਾਂ। ਕਿਉਂਕਿ ਉਸ ਦੇਸ਼ ਨਾਲ ਸਾਡਾ ਸੰਪਰਕ ਨਾ ਹੋਣ ਬਰਾਬਰ ਹੈ। ਚੀਨ ਬਾਰੇ ਜੋ ਜਾਣਕਾਰੀ ਸਾਨੂੰ ਮਿਲਦੀ ਹੈ ਉਹ ਬਹੁਤਾ ਉੱਥੋਂ ਆਏ ਸੈਲਾਨੀਆਂ ਦੇ ਦੱਸਣ ਤੇ ਮਿਲਦੀ ਹੈ। ਅਤੇ ਬਹੁਤੇ ਸੈਲਾਨੀ ਚੀਨ ਦੀਆਂ ਸਿਫ਼ਤਾਂ ਹੀ ਦਸਦੇ ਹਨ। ਕਈ ਵਾਰੀ ਅਸੀਂ ਸੋਚਣ ਲਗਦੇ ਹਾਂ ਕਿ ਉਹ ਜ਼ਰੂਰ ਕਿਸੇ ਖਾਸ ਪ੍ਰਭਾਵ ਅਧੀਨ ਅਜਿਹਾ ਕਹਿ ਰਹੇ ਹੁੰਦੇ ਹਨ। ਕੁਝ ਅਜਿਹਾ ਹੀ ਮੈਂ ਵੀ ਸੋਚਿਆ ਸੀ ਤੇ ਇਸ ਪੁਸਤਕ ਦਾ ਲਿਖਾਰੀ ਵੀ ਆਪਣੇ ਦੌਰੇ ਤੋਂ ਕਿਨਾਂ ਪਹਿਲਾਂ ਅਜਿਹੇ ਹੀ ਖਿਆਲ ਰਖਦਾ ਸੀ। ਪਰ ਜਦੋਂ ਉਸਨੇ ਚੀਨ ਦੇ ਹਾਲਾਤ ਅੱਖੀਂ ਵੇਖੇ ਤਾਂ ਉਸਦਾ ਤੌਖਲਾ ਦੂਰ ਹੀ ਨਹੀਂ ਹੋਇਆ ਸਗੋਂ ਚੀਨ 'ਚ ਆਈ ਕ੍ਰਾਂਤੀ ਦੀਆਂ ਤਬਦੀਲੀਆਂ ਨਾਲ ਬਹੁਤ ਪ੍ਰਭਾਵਤ ਵੀ ਹੋਇਆ।

ਜੇ ਅਸੀਂ ਇਹ ਗੱਲ ਮੰਨ ਵੀ ਲਈਏ ਕਿ ਡੇ. ਮਹਿੰਦਰ ਕੁਮਾਰ ਨੇ ਆਪਣੀ ਪੁਸਤਕ ਵਿਚ ਚੀਨ ਦੇ ਵੱਖ ਵੱਖ ਪ੍ਰਬੰਧਾਂ ਤੇ ਹਾਲਾਤਾਂ ਦਾ ਜ਼ਿਕਰ ਕੀਤਾ ਹੈ, ਉਹ ਕਿਸੇ ਖਾਸ ਪ੍ਰਭਾਵ ਅਧੀਨ ਕੀਤਾ ਹੈ, ਤਾਂ ਸਾਨੂੰ ਉਨ੍ਹਾਂ ਸਾਰੀਆਂ ਗੱਲਾਂ ਦਾ ਜੋ ਉਸਨੇ ਜ਼ਿਕਰ ਕੀਤਾ ਹੈ ਉਸਦਾ ਲੇਖਾ ਜੋਖਾ ਕਰਨਾ ਚਾਹੀਦਾ ਹੈ। ਚੀਨ'ਚ ਸੱਭੇ ਰਾਜਨੀਤਕ, ਆਰਥਕ ਤੇ ਸਮਾਜਿਕ ਬਣਤਰ ਤੇ ਕੰਮ ਢੰਗ ਦਾ ਜੋ ਵਰਣਨ ਇਸ ਪੁਸਤਕ ਵਿਚ ਕੀਤਾ ਹੈ, ਉਹ ਬਣਤਰ ਜ਼ਰੂਰ ਹੀ ਇਕ ਕਲਿਆਣਕਾਰੀ ਸਮਾਜ ਉਸਾਰ ਸਕਦੀ ਹੈ।

ਪੁਲੀਸ ਪ੍ਰਬੰਧ ਬਾਰੇ ਮਹਿੰਦਰ ਕੁਮਾਰ ਲਿਖਦਾ ਹੈ "..... ਸ਼ਹਿਰਾਂ ਦੇ ਖਾਸ ਚੌਕਾਂ ਉਤੇ ਕੁਝ ਟਰੈਫਿਕ ਸਿਪਾਹੀ ਤਾਂ ਜ਼ਰੂਰ ਸਨ - ਪਰੰਤੂ ਭਿੰਨ ੨ ਵਰਦੀਆਂ ਵਿਚ, ਬੰਦੂਕਾਂ ਨਾਲ, ਮੋਟਰਸਾਈਕਲਾਂ ਤੇ ਜੀਪਾਂ ਉਤੇ, ਅਤੇ ਵਾਇਰਲੈਸਾਂ ਨਾਲ ਲੈਸ ਪੁਲੀਸ ਨਹੀਂ ਦੇਖੀ ਜੋ ਕਿ ਤਹਿਰਾਨ, ਨਿਊਯਾਰਕ ਅਤੇ ਮੈਕਸੀਕੋ ਵਰਗੇ ਸ਼ਹਿਰਾਂ ਵਿਚ ਆਮ ਦੇਖਣ ਨੂੰ ਮਿਲਦੀ ਹੈ।"

ਚੀਨ 'ਚ ਅਜਿਹਾ ਕਿਉਂ ਹੈ ਇਸਦਾ ਜਵਾਬ ਥਾਈਲੈਂਡ ਦਾ ਇਕ ਪੁਲੀਸ ਵਾਲਾ ਇਉਂ ਦਿੰਦਾ ਹੈ, "...... ਚੀਨ ਇਕ ਕਮਿਊਨਿਸਟ ਦੇਸ਼ ਹੈ। ਉਥੇ ਹਰ ਸ਼ਖ਼ਸ ਪੁਲੀਸ ਦਾ ਸਿਪਾਹੀ ਹੈ। ਇਸ ਲਈ ਉਥੇ ਪੁਲੀਸ ਦੀ ਕੀ ਲੋੜ ਹੈ? ਥਾਈਲੈਂਡ ਇਕ ਜਮਹੂਰੀਅਤ ਹੈ। ਅਸੀਂ ਇਕ ਅਜ਼ਾਦ ਕੌਮ ਹਾਂ; ਸਾਨੂੰ ਇਸ ਲਈ ਸੁਰੱਖਿਆ ਦੀ ਲੋੜ ਹੈ।"

ਚੀਨੀ ਲੋਕਾਂ ਦੀ ਸਿਹਤ ਬਹੁਤ ਅੱਛੀ ਹੈ। ਇਸ ਦਾ ਰਾਜ਼ ਲਿਖਾਰੀ ਲੱਭਣ ਦੀ ਕੋਸ਼ਿਸ਼ ਕਰਦਾ ਹੋਇਆ, ਥੋੜੀ ਸਿਖਲਾਈ ਲੈਣ ਮਗਰੋਂ, ਪਿੰਡਾਂ 'ਚ ਕੰਮ ਕਰਦੇ ਡਾਕਟਰਾਂ ਦਾ ਅਧਿਐਨ ਕਰਨ ਮਗਰੋਂ ਲਿਖਦਾ ਹੈ, "ਇਹ ਕਿਸਾਨ ਡਾਕਟਰ ਦਿਨ ਵਿਚ ਕੁਝ ਸਮੇਂ ਲਈ ਮੈਡੀਕਲ ਸੇਵਾਦਾਰ ਦੇ ਤੌਰ ਤੇ ਕੰਮ ਕਰਦੇ ਹਨ। ਬਾਕੀ ਸਮਾਂ ਉਹ ਕਿਸਾਨ ਹੁੰਦੇ ਹਨ ਜਾਂ ਫੈਕਟਰੀ ਕਾਮੇ ਹੁੰਦੇ ਹਨ। ਅਸੀਂ ਪਿੰਡਾਂ ਵਿਚ ਇਨ੍ਹਾਂ ਡਾਕਟਰਾਂ ਦੁਆਰਾ ਚਲਾਏ ਗਏ ਬਹੁਤ ਸਾਰੇ ਛੋਟੇ ਛੋਟੇ 'ਕਲੀਨਿਕ' ਦੇਖੇ। ਇਹ 'ਕਲੀਨਿਕ' ਬਹੁਤੇ ਚਮਕ ਦਮਕ ਵਾਲੇ ਤਾਂ ਨਹੀਂ ਹਨ ਪਰੰਤੂ ਦੇਸ਼ ਵਿਚ ਕਿਸੇ ਵੀ ਵਿਅਕਤੀ ਲਈ ਪੰਦਰਾਂ ਮਿੰਟ ਦੇ ਫਾਸਲੇ ਤੋਂ ਵੱਧ ਦੂਰ ਨਹੀਂ ਹਨ। ਇਹ 'ਕਲੀਨਿਕ' ਅਸਲ ਵਿਚ ਚੀਨੀਆਂ ਦੀ ਵਧੀਆ ਸਿਹਤ ਦਾ ਭੇਤ ਹਨ।

ਅੱਗੇ ਚੱਲਕੇ ਲਿਖਾਰੀ ਇਕ ਹੋਰ ਮਹੱਤਵਪੂਰਨ ਵਿਸ਼ੇ ਤੇ ਸਵਾਲ ਕਰਦਾ ਹੈ ਕਿ ਚੀਨ ਵਿਚ ਕਾਮਿਆਂ ਨੂੰ ਹੜਤਾਲ ਕਰਨ ਦੀ ਸੁਤੰਤਰਤਾ ਕਿਉਂ ਨਹੀਂ ਹੈ। ਇਸ ਦਾ ਜਵਾਬ ਉੱਥੋਂ ਦੀ ਇਕ ਫੈਕਟਰੀ ਦਾ ਕਾਮਾ ਇਉਂ ਦਿੰਦਾ ਹੈ— "ਸਾਡਾ ਪ੍ਰਬੰਧ ਤੁਹਾਡੇ ਤੋਂ ਵੱਖਰਾ ਹੈ। ਤੁਹਾਡੇ ਦੇਸ਼ ਵਿਚ ਕਾਮੇ ਹੁੰਦੇ ਹਨ ਜੋ ਕਿ ਹੜਤਾਲ ਕਰਦੇ ਹਨ। ਨਾ ਕਿ ਪ੍ਰਬੰਧਕੀ ਮੰਡਲ - ਕਿਉਂਕਿ ਦੋਨੋਂ ਵੱਖਰੇ ੨ ਹੁੰਦੇ ਹਨ। ਇਥੇ ਅਸੀਂ ਫੈਕਟਰੀ ਦੇ ਮਾਲਕ ਤੇ ਪ੍ਰਬੰਧਕ ਵੀ ਹਾਂ। ਅਸੀਂ ਇਕ ਇਨਕਲਾਬੀ ਪਾਰਟੀ ਚੁਣਦੇ ਆਪਣੀ ਫੈਕਟਰੀ

ਦਾ ਪ੍ਰਬੰਧ ਚਲਾਉਂਦੇ ਹਾਂ। ਇਸ ਕਮੇਟੀ ਦੇ ਮੈਂਬਰ ਆਪਣੇ ਸਮੇਂ ਦਾ 25% ਤੋਂ ਵੀ ਘੱਟ ਸਮਾਂ ਪ੍ਰਬੰਧਕੀ ਕੰਮਾਂ ਤੇ ਖਰਚਦੇ ਹਨ - ਬਾਕੀ ਸਮਾਂ ਉਹ ਕਾਮੇ ਹੁੰਦੇ ਹਨ। ਇਸ ਲਈ ਅਸੀਂ ਹੜਤਾਲ ਕਿਸ ਦੇ ਵਿਰੁਧ ਕਰਨੀ ਹੈ?"

ਅਖੀਰ ਵਿਚ ਲਿਖਾਰੀ ਇਕ ਚੀਨ ਸਾਥਣ ਕਾਮਰੇਡ ਕੁਮਾਰੀ ਵੈਂਗ ਨੂੰ ਇਕ ਅਤਿ ਜ਼ਰੂਰੀ ਤੇ ਸਾਡੇ ਲਈ ਅਤਿ ਮਹੱਤਵ ਪੂਰਨ ਸਵਾਲ ਪੁੱਛਦਾ ਹੈ ਕਿ ਭਾਰਤ ਦੇ ਕੁੱਝ ਲੋਕ ਚੇਅਰਮੈਨ ਮਾਓ ਨੂੰ ਆਪਣਾ ਚੇਅਰਮੈਨ ਤੇ ਚੀਨ ਦਾ ਰਾਹ ਸਾਡਾ ਰਾਹ ਹੈ, ਕਹਿੰਦੇ ਹਨ। ਜਵਾਬ ਵਿਚ ਕੁਮਾਰੀ ਵੈਂਗ ਕਹਿੰਦੀ ਹੈ "ਉਹ ਮੂਰਖ ਹਨ। ਚੇਅਰਮੈਨ ਮਾਓ ਸਿਰਫ਼ ਸਾਡਾ ਚੇਅਰਮੈਨ ਹੈ। ਸਾਡਾ ਰਾਹ ਕਿਸੇ ਹੋਰ ਦਾ ਰਾਹ ਨਹੀਂ ਹੋ ਸਕਦਾ। ਇਕ ਸੱਚਾ ਇਨਕਲਾਬੀ ਹੋਣ ਲਈ ਸਾਨੂੰ ਆਪਣਾ ਰਾਹ ਆਪ ਤਲਾਸ਼ ਕਰਨਾ ਪਏਗਾ।" ਇਹ ਜਵਾਬ ਭਾਰਤੀ ਕਾਮਰੇਡਾਂ ਲਈ ਇਕ ਚੰਗੀ ਸਬਕ ਵੀ ਹੈ,

ਇਸ ਪੁਸਤਕ ਨੂੰ ਪੜ੍ਹਨ ਮਗਰੋਂ ਤੀਬਰ ਇੱਛਾ ਹੁੰਦੀ ਹੈ ਕਿ ਅਸੀਂ ਵੀ ਇਹੋ ਜਿਹਾ ਕਮਿਊਨਿਸਟ ਸਮਾਜ ਦੀ ਉਸਾਰੀ ਕਰ ਸਕੀਏ। ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਲਈ ਪੁਰਜ਼ੋਰ ਸਿਫ਼ਾਰਸ਼ ਕਰਦਾ ਹਾਂ ਤਾਂ ਜੁ ਉਹ ਚੀਨ ਦੇ ਇਨਕਲਾਬ ਦੀਆਂ ਕੁੱਝ ਮਹੱਤਵਪੂਰਨ ਪ੍ਰਾਪਤੀਆਂ ਬਾਰੇ ਜਾਣ ਸਕਣ ਤੇ ਆਪਣੇ ਦੇਸ਼ ਵਿਚ ਵੀ ਅਜਿਹਾ ਢਾਂਚਾ ਸਿਰਜਣ ਲਈ ਪ੍ਰੇਰਨਾ ਲੈ ਸਕਣ

— ਸੁਰਿੰਦਰ ਗੈਲੇ

---

## ਲਾਲ ਸ਼ੇਰ ਵਾਲਾ ਚੌਕ

ਸੰਤੋਖ ਸਿੰਘ ਸੰਤੋਖ

ਪ੍ਰਕਾਸ਼ਕ: ਦੀਪਕ ਪਬਲਿਸ਼ਰਜ਼ ਜਲੰਧਰ

'ਲਾਲ ਸ਼ੇਰ ਵਾਲਾ ਚੌਕ' ਪ੍ਰਗਤੀਵਾਦੀ ਕਵੀ ਸੰਤੋਖ ਸਿੰਘ ਸੰਤੋਖ ਦਾ ਨਵਾਂ ਕਾਵਿ ਸੰਗ੍ਰਹਿ ਹੈ। ਸੰਤੋਖ ਦੀ ਕਵਿਤਾ ਦੀ ਪ੍ਰਪੱਕਤਾ ਦਾ ਆਧਾਰ ਉਸ ਦੀ ਵਿਗਿਆਨਕ ਸਮਾਜਵਾਦੀ ਸਿਧਾਂਤਕ ਸੋਚ ਹੈ। ਜੋ ਉਸ ਨੂੰ ਸਦਾ ਸਮੇਂ ਦੀ ਪ੍ਰਮੁੱਖ ਇਨਕਲਾਬੀ ਜਮਾਤ ਮਜ਼ਦੂਰ ਜਮਾਤ, ਕਿਸਾਨ ਲੋਕ ਸਮੂਹਾਂ ਦੇ ਹੱਕਾਂ ਅਤੇ ਭਲਾਈ ਦੇ ਸਨਮੁੱਖ ਰੱਖਦੀ ਹੈ। ਉਹ ਦੂਜੇ ਲੋਕਾਂ ਦੇ ਯੁੱਧ ਪਿੜ ਚੋਂ ਪਰੇ ਨਹੀਂ ਜਾਂਦਾ। ਉਹ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸਭਨਾ ਸਾਮਰਾਜੀ, ਨਸਲਵਾਦੀ, ਪਿਛਾਂਹ-ਖਿੱਚੂ, ਕਾਲੀਆਂ ਸ਼ਕਤੀਆਂ ਦੇ ਗੈਰ ਮਨੁੱਖੀ ਜ਼ੁਲਮੀ ਕੁਕਰਮਾਂ ਵਿਰੁਧ ਲੜਨ ਲਈ ਦ੍ਰਿੜਤਾ ਨਾਲ ਖਲੋਂਦਾ ਹੈ। ਇਹੋ ਕਾਰਨ ਹੈ ਕਿ ਸੰਤੋਖ ਨੇ ਇਸ ਕਾਵਿ ਸੰਗ੍ਰਹਿ ਨੂੰ ਸ਼ਹੀਦੇ-ਆਜ਼ਮ ਸ: ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ ਦੀ ਦ੍ਰਿੜਤਾ ਤੇ ਆਤਮ ਵਿਸ਼ਵਾਸ਼ ਨੂੰ ਭੇਂਟ ਕਰਕੇ ਅਜੋਕੇ ਯੁੱਗ ਦੇ ਸਮੁੱਚੇ ਲੋਕ-ਯੋਧਿਆਂ ਦਾ ਸਤਿਕਾਰ ਕੀਤਾ ਹੈ।

ਇਸ ਕਾਵਿ ਸੰਗ੍ਰਹਿ ਵਿਚ 32 ਕਵਿਤਾਵਾਂ ਹਨ ਜੋ ਬੱਤੀ ਦੰਦਾਂ ਵਾਂਗ ਇਕ ਦੂਜੀ ਨਾਲ ਪੀਡੀ ਤਰ੍ਹਾਂ ਜੁੜ ਕੇ ਸਮੇਂ ਦੇ ਸੱਚ ਦਾ ਹੋਕਾ ਦਿੰਦੀਆਂ ਹਨ। 'ਲਾਲ ਸ਼ੇਰ ਵਾਲਾ ਚੌਕ' ਨਾਂ ਦੀ ਕਵਿਤਾ, ਜਿਸ ਦੇ ਨਾਂ ਤੇ ਕਵੀ ਨੇ ਸੰਗ੍ਰਹਿ ਦਾ ਨਾਂ ਰੱਖਿਆ ਹੈ। ਲੋਕ ਦੁਸ਼ਮਣ ਸ਼ਕਤੀਆਂ ਦੇ ਅਤਿਆਚਾਰਾਂ ਤੇ ਨਸਲਵਾਦ ਦੇ ਵਿਰੁਧ ਲੜਨ ਵਾਲੇ ਕਾਲੇ-ਗੋਰੇ ਹੱਕ ਪ੍ਰਸਤ ਲੋਕਾਂ ਦੀ ਦ੍ਰਿੜਤਾ ਭਰੀ ਲੜਾਈ ਦੇ ਚੌਥੀ ਸਦੀ ਲੰਬੇ ਇਤਿਹਾਸ ਉਪਰ ਝਾਤ ਪਵਾਉਂਦੀ ਹੈ ਅਤੇ ਅੱਗੋਂ ਲਾਲ ਸ਼ੇਰ ਵਰਗੇ ਝੰਡੇ ਨੂੰ ਲੈ ਕੇ ਜਿੱਤ ਤੱਕ ਅੱਗੇ ਵਧਦੇ ਜਾਣ ਦੀ ਅਟੱਲਤਾ ਦੀ ਪ੍ਰਤੀਕ ਹੈ। ਸੰਗ੍ਰਹਿ ਦੀ ਪਹਿਲੀ ਕਵਿਤਾ ਗੁੱਸਾ ਗਿਲਾ ਕਵੀ ਦੀ ਸਜੀਵ ਜਾਗਦੀ ਸੂਝ ਦੀ ਪ੍ਰਤੀਨਿਧ ਕਵਿਤਾ ਹੈ। ਸੂਝ ਜੋ ਕਵੀ ਨੂੰ ਹੱਕ-ਸੱਚ ਲਈ ਕੁੱਝ ਕਰਨ ਲਈ ਸਦਾ ਤਤਪਰ ਰੱਖਦੀ ਹੈ।

ਜ਼ਿੰਦਗੀ ਇੰਨੀ ਹੁਸੀਨ ਨਹੀਂ
ਕਿ ਮੈਂ ਆਪਣਾ ਗੁੱਸਾ ਤਿਆਗ ਦੇਵਾਂ
ਤੇ ਗਿਲੇ ਦੇ ਸਹਾਰੇ
ਦਿਨ-ਕਟੀ ਜਿਹਾ ਅਪਰਾਧ ਕੁਕਰਮ ਕਰਾਂ

'ਉਬਲਦਾ ਘਰ' ਕਵਿਤਾ ਆਦਿਵਾਸੀਆਂ ਦੇ ਮਾਅਰਕੇ ਬਾਜ਼ ਜਨੂੰਨ ਨੂੰ ਮੋਹਿਤ ਕਰਕੇ ਛੂਹਦੀ ਹੈ।:-

ਗੱਲ ਸਿਰਫ਼ ਜੁਆਨੀ ਢੁੱਕਣ ਦੀ ਨਹੀਂ
ਗੱਲ ਸਮੇਂ ਦੀ ਹਵਾ ਜੋਖਣ ਦੀ ਹੈ

ਪਾਣੀ ਦੇ ਵਗ 'ਚ ਰੁੜ੍ਹਣ ਦੀ ਨਹੀਂ
ਗੱਲ ਉਲਟੇ ਵਗ ਨੂੰ ਰੋਕਣ ਦੀ ਹੈ।
. . . . . .
ਅਚੇਤ ਹੀ ਤੁਸੀਂ
ਦੁਸ਼ਮਣ ਦੀ ਹਾਮੀ ਭਰਦੇ ਹੋ
ਲੋਕ ਵਿਰੁੱਧ ਤੈਰਣ ਦੀ ਨਹੀਂ
ਸਿਰ ਨਾਲ ਜੋੜਣ ਦੀ ਹੈ।

ਚੜ੍ਹਦਾ ਸੂਰਜ, ਮੇਰੇ ਗੁਸਤਾਖ਼ ਸ਼ਬਦ, ਸ਼ਰਧਾਂਜਲੀ, ਸਵੈ ਲੱਭਿਆ, ਇਤਹਾਸ, ਹੋਣੀ ਸਿਰੁ-ਵਿੱਥੀ, ਸੱਤਾ ਤੜਫਦੀ ਆਦਿ ਇਸ ਸੰਗ੍ਰਹਿ ਦੀਆਂ ਜਾਨ ਵਾਲੀਆਂ ਕਵਿਤਾਵਾਂ ਹਨ ਜੋ ਪਾਠਕ ਨੂੰ ਸਮੁੱਚੇ ਸਮਾਜੀ ਜੀਵਨ ਦੀਆਂ ਵਿਰੋਧਤਾਈਆਂ ਅਤੇ ਉਨ੍ਹਾਂ ਨਾਲ ਜੂਝਦੇ ਪ੍ਰਗਤੀਸ਼ੀਲ ਲੋਕ - ਲਹਿਰਾਂ ਨਾਲ ਜਾਣਕਾਰੀ ਦਿੰਦੀਆਂ ਹਨ। ਕਵੀ ਦੀ ਕਲਮ ਜੀਵਨ ਦੇ ਨੇੜੇ ਸੱਚ ਦੀ ਹਾਮਣ ਹੈ। ਏਸੇ ਲਈ ਰੁਮਾਂਸਵਾਦ, ਸੰਕੀਰਨ ਕਲਾ ਸੰਦੇਸ਼ਾਂ, ਪਰਾ-ਯਥਾਰਥ ਵਾਦ ਆਦਿ ਧਾਰਾਵਾਂ ਕਵੀ ਦੇ ਵਿਚਾਰਾਂ ਨੂੰ ਪ੍ਰਭਾਵਿਤ ਨਹੀਂ ਕਰ ਸਕੀਆਂ। ਪਰ ਕਈ ਥਾਂਈਂ ਬੇਲੋੜ ਗਜਲੀਤਰ ਸ਼ਬਦ ਕਵਿਤਾ ਦੀ ਰਵਾਨਗੀ ਵਿਚ ਅਖੜਦੇ ਹਨ। ਪ੍ਰੰਤੂ ਵਿਸ਼ੇ ਦਾ ਭਾਵ ਭਾਰੂ ਹੋਕੇ ਪਾਠਕ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ।

ਅਮਰਜੀਤ ਸੂਫ਼ੀ

---

(ਸਫ਼ਾ 35 ਦੀ ਬਾਕੀ)

ਨਿਬੰਧ ਭਾਗ ਵੀ ਬੜਾ ਕਮਾਲ ਹੈ। ਦਰਸ਼ਨ ਚਾਹਲ ਦਾ " ਭਾਰਤ ਦੀਆਂ ਜੇਲ੍ਹਾਂ ਤੇ ਕੈਦੀ' ਇਕ ਵਾਰ ਫਿਰ ਪੜ੍ਹਕੇ ਅਤੇ ਡਾ: ਸੁਰਿੰਦਰ ਕੁਮਾਰ ਅਤੇ ਲਿਟਰੇਰੀ ਐਸੋਸੀਏਸ਼ਨ ਦੇ ਲੇਖਕਾਂ ਵਿਚਕਾਰ ਗੁਫ਼ਤਗੂ ਦੀ ਰੀਪੋਰਟ ਪੜ੍ਹ ਕੇ ਤਾਂ ਮੈਂ ਮਾਨਸਕ ਤੌਰ ਤੇ ਹਲੂਣਿਆਂ ਗਿਆ ਹਾਂ। ਇਸ ਗੋਸ਼ਟੀ ਵਿਚ ਪਾਠਕ ਨੂੰ ਡਾ: ਸੁਰਿੰਦਰ ਕੁਮਾਰ ਦੀ ਸਿਆਸੀ ਅਤੇ ਸਭਿਆਚਾਰਕ ਚੇਤਨਤਾ ਦੀ ਸਪਸ਼ਟ ਝਲਕ ਮਿਲਦੀ ਹੈ। ਉਸ ਨੇ ਭਾਰਤ ਦੀ ਸਿਆਸੀ ਅਤੇ ਸਮਾਜਕ ਸਥਿਤੀ ਦਾ ਬਿਲਕੁਲ ਦਰੁਸਤ ਮੁਲ-ਅੰਕਣ ਕੀਤਾ ਹੈ। ਇਹ ਠੀਕ ਹੀ ਹੈ ਕਿ ਭਾਰਤ ਵਿਚ ਸਰੂਕ ਨਾਲ ਆਰਜ਼ੀ ਤੌਰ ਤੇ ਸਮਝੌਤਾ ਕਰਕੇ ਹੀ ਕੋਈ ਸਮਾਜਕ ਕ੍ਰਾਂਤੀ ਦੀ ਗੱਲ ਤੁਰ ਸਕਦੀ ਹੈ। ਭਾਰਤ ਦੇ ਪੂੰਜੀਵਾਦੀ ਪ੍ਰਬੰਧ ਵਿਚ ਅਜੇ ਤੱਕ ਬੁਰਜੂਆ ਢਾਂਚੇ ਦਾ ਸਮੁੱਚੇ ਸਭਿਆਚਾਰ ਉਤੇ ਪੂਰਾ ਕਬਜ਼ਾ ਹੈ - ਇਸੇ ਕਰਕੇ ਇਥੇ ਅਸ਼ਲੀਲ ਤੋਂ ਅਸ਼ਲੀਲ ਤਾਂ ਸੈਂਸਰ ਦੀ ਕੈਂਚੀ ਤੋਂ ਬਿਨਾਂ ਹੀ ਪਾਸ ਹੋ ਸਕਦੀ ਹੈ ਪਰ ਕੋਈ ਪ੍ਰਗਤੀਸ਼ੀਲ ਵਿਸ਼ੇ ਵਾਲੀ ਫਿਲਮ ਸੈਂਸਰ ਦੇ ਭਾਰੂ ਪ੍ਰਭਾਵ ਹੇਠ ਸਕਰੀਨ ਤੇ ਆਉਣ ਤੋਂ ਅਸਮਰਥ ਰਹਿ ਜਾਂਦੀ ਹੈ।

ਗੁਰਬਖ਼ਸ਼ ਜਸ
ਬਲਾਚੌਰ

ਅਮਰਜੀਤ ਚਾਹਲ ਦੀ ਕਹਾਣੀ "ਇਹ ਗੱਲ ਉਹ ਗੱਲ" ਚੰਗੀ ਲੱਗੀ। ਪਰ ਉਸ ਵਿਚ ਜੋ ਉਸ ਨੇ ਤੱਥਾਪਨ ਦਰਸਾਉਣ ਦੀ ਕੋਸ਼ਿਸ਼ ਗਾਲ੍ਹਾਂ ਨਾਲ ਕੀਤੀ ਹੈ। ਉਹ ਮੈਨੂੰ ਬੜੀ ਗਲਤ ਲੱਗੀ। ਜਿਸ ਤਰ੍ਹਾਂ ਕਿ ਹਿੰਦਰ ਦੇ ਬਾਪੂ ਦਾ ਮਾਂ ਨੂੰ ਗਾਲ੍ਹਾਂ ਕੱਢਣਾ ਜਾਂ ਫੇਰ ਮਾਂ ਦਾ ਕਹਿਣਾ ਕਿ... ਜਿਹੜਾ ਚੋਰ ਉਸਦੀਆਂ ਟੰਗਾਂ ਚੁੱਕ ਕੇ ਮੋਢੇ ਤੇ ਧਰ ਲਵੇ... ਜਾਂ ਕੁੱਝ ਹੋਰ। ਤੁਹਾਨੂੰ ਅਜਿਹਾ ਨਹੀਂ ਛਾਪਣਾ ਚਾਹੀਦਾ। ਇਸ ਤਰ੍ਹਾਂ ਦੇ ਅਸ਼ਲੀਲ ਸ਼ਬਦ ਨਹੀਂ ਛਾਪਣੇ ਚਾਹੀਦੇ ਕਿਉਂਕਿ ਇਸ ਨੂੰ ਸਾਰਾ ਪਰਿਵਾਰ ਪੜ੍ਹਦਾ ਹੈ। ਭੈਣਾਂ ਪੜ੍ਹਦੀਆਂ ਹਨ ਜਾਂ ਕੋਈ ਹੋਰ। ਮੈਨੂੰ ਉਮੀਦ ਹੈ ਕਿ ਤੁਸੀਂ ਇਸ ਬਾਰੇ ਜ਼ਰੂਰ ਗੌਰ ਕਰੋਗੇ।

ਹਰਿੰਦਰ ਸੇਂਤ
ਲੁਧਿਆਣਾ

## ਦਰਪਣ
### ਖ਼ਤ

..... ਮੈਂ 'ਕੈਨੇਡਾ' ਦੇ ਪੰਜਾਬੀ ਸਾਹਿਤ" ਬਾਰੇ ਇਕ ਵਿਸਥਾਰ ਭਰਿਆ ਲੇਖ ਲਿਖਿਆ ਹੈ। ਪਿਛਲਾ ਫਰਵਰੀ ਦਾ ਮਹੀਨਾ ਇਸੇ ਕੰਮ ਵਿਚ ਲੱਗਾ ਹੈ। ਫੁੱਲ-ਸਕੇਪ ਸਾਇਜ਼ ਦੇ 35 ਸਫ਼ੇ ਦਾ ਲੇਖ ਹੈ। ਪੰਜਾਬ ਸਰਕਾਰ ਦਾ ਭਾਸ਼ਾ ਵਿਭਾਗ "ਬਦੇਸ਼ਾਂ ਵਿਚ ਪੰਜਾਬੀ ਸਾਹਿਤ" ਦੇ ਵਿਸ਼ੇ ਉੱਤੇ ਇਕ ਸੈਮੀਨਾਰ ਕਰਦਾ ਰਿਹਾ ਹੈ। ਇਹ ਲੇਖ ਉਸੇ ਸੈਮੀਨਾਰ ਵਿਚ ਪੜ੍ਹਿਆ ਤੇ ਵਿਚਾਰਿਆ ਜਾਏਗਾ। ਇਥੇ ਕੈਨੇਡਾ ਦੇ ਪੰਜਾਬੀ ਲੇਖਕਾਂ ਦੀਆਂ ਜੋ ਕਿਤਾਬਾਂ ਮੈਨੂੰ ਮਿਲ ਸਕੀਆਂ (ਜੋ ਬਜ਼ਾਰ 'ਚੋਂ ਮਿਲੀਆਂ ਮੈਂ ਖਰੀਦ ਲਈਆਂ) ਉਹ ਮੈਂ ਸਾਰੀਆਂ ਪੜ੍ਹੀਆਂ ਹਨ। ਉਨ੍ਹਾਂ ਤੋਂ ਇਲਾਵਾ "ਵਤਨੋਂ ਦੂਰ" ਦੇ ਜੋ ਪਰਚੇ ਮੈਨੂੰ ਤੁਸੀਂ ਭੇਜੇ ਹਨ, ਉਹ ਮੈਂ ਸਾਰੇ ਅਲਫ਼ੋਂ - ਯੇ ਤੱਕ ਪੜ੍ਹੇ ਹਨ। ਮੇਰਾ ਪ੍ਰਭਾਵ ਹੈ ਕਿ ਕੈਨੇਡਾ ਵਿਚ ਤੁਸੀਂ ਉੱਚ-ਪੱਧਰੀ ਕੰਮ ਕਰ ਰਹੇ ਹੋ। ਤੁਹਾਡੇ ਵਿਚ ਕਾਫ਼ੀ TALENT ਹੈ। ਖਾਸ ਤੌਰ ਤੇ ਲਿਖੀ ਜਾ ਰਹੀ ਕਹਾਣੀ ਦੀ ਪੱਧਰ ਤਸੱਲੀ ਬਖਸ਼ ਹੈ। "ਵਤਨੋਂ ਦੂਰ" ਦਾ "ਕਹਾਣੀ ਅੰਕ" ਮਿਆਰ ਦੇ ਲਿਹਾਜ਼ ਨਾਲ ਇੰਡੀਆ ਛੱਪਦੇ ਕਿਸੇ ਵੀ ਪਰਚੇ ਦੇ ਕਹਾਣੀ-ਅੰਕ ਦਾ ਮੁਕਾਬਲਾ ਕਰ ਸਕਦਾ ਹੈ। ਤੁਹਾਥੋਂ ਸਾਨੂੰ ਬਹੁਤ ਆਸਾਂ ਹਨ।

ਮੇਰਾ ਇਹ ਪਰਚਾ ਭਾਸ਼ਾ ਵਿਭਾਗ ਵੱਲੋਂ ਛਪ ਰਿਹਾ ਹੈ। ਛੱਪਣ ਤੋਂ ਬਾਅਦ ਮੈਂ ਇਸ ਦੀ ਕਾਪੀ ਭੇਜਾਂਗਾ। ਤੁਸੀਂ "ਵਤਨੋਂ ਦੂਰ" ਵਿਚ ਛਾਪਕੇ ਕੈਨੇਡਾ ਦੇ ਲੇਖਕਾਂ ਦੀ ਇਕੱਤਰਤਾ ਵਿਚ ਇਸ ਬਾਰੇ ਚਰਚਾ ਕਰ ਸਕਦੇ ਹੋ।

ਮੈਨੂੰ ਪਤਾ ਹੈ ਕਿ ਕੈਨੇਡਾ ਦਾ ਸਾਰਾ ਸਾਹਿਤ ਮੇਰੇ ਨੋਟਿਸ ਵਿਚ ਨਹੀਂ ਆ ਸਕਿਆ। ਜੋ ਸਾਹਿਤ ਮੇਰੇ ਪਾਸ ਨਹੀਂ ਹੈ, ਮੈਂ ਉਸ ਦੀ ਤਲਾਸ਼ ਵੀ ਕਰ ਰਿਹਾ ਹਾਂ। ਓਥੋਂ ਦੇ ਲੇਖਕਾਂ ਨੂੰ ਬੇਨਤੀ ਹੈ ਕਿ ਜੇ ਉਨ੍ਹਾਂ ਦੀ ਕਿਤਾਬ ਛਪਿਆ ਕਰੇ ਤਾਂ ਉਸ ਦੀ ਕਾਪੀ ਭਿਜਵਾਇਆ ਕਰਨ, ਜਾਂ ਘੱਟ ਤੋਂ ਘੱਟ ਮੈਨੂੰ ਲਿਖਿਆ ਕਰਨ ਕਿ ਕਿਤਾਬ ਕਿਸ ਪਾਸੋਂ ਮਿਲਦੀ ਹੈ। ਇਕ ਪਾਸੇ ਸਾਨੂੰ ਸ਼ਿਕਾਇਤ ਹੈ ਕਿ ਪੰਜਾਬੀਆਂ ਦੀਆਂ ਕਿਤਾਬਾਂ ਵਿਕਦੀਆਂ ਨਹੀਂ ਹਨ, ਤੇ ਦੂਜੇ ਪਾਸੇ ਇਹ ਵੀ ਸੱਚ ਹੈ ਕਿ ਛਪ ਚੁੱਕੀਆਂ ਕਿਤਾਬਾਂ ਵੱਡੇ ਪੰਜਾਬੀ ਬੁੱਕ ਸੈਲਰਜ਼ ਪਾਸੋਂ ਖਰੀਦਣ ਜਾਈਏ ਤਾਂ ਮਿਲਦੀਆਂ ਨਹੀਂ ਹਨ। ਕਿਉਂਕਿ ਕਿਤਾਬਾਂ ਦੀ DISTRIBUTION ਦਾ ਠੀਕ ਪ੍ਰਬੰਧ ਨਹੀਂ ਹੈ।

ਪਿਆਰਾ ਸਿੰਘ ਭੋਗਲ
"ਜਲੰਧਰ"

ਇਸ ਵਾਰ ਅੰਕ "ਜਨਵਰੀ-ਫਰਵਰੀ" ਸਮੁੱਚੇ ਤੌਰ ਤੇ ਬੜਾ ਪ੍ਰਭਾਵ-ਸ਼ਾਲੀ ਹੈ। ਇਸ ਅੰਕ "ਵਤਨੋਂ ਦੂਰ" ਪੰਜਾਬੀ ਦੇ ਸਥਾਪਿਤ ਸਾਹਿਤਕ ਰਸਾਲਿਆਂ ਵਿਚੋਂ ਆਪਣਾ ਵੱਟ ਕੱਢ ਰਿਹਾ ਹੈ। ਇਸ ਵਾਰ ਕਵਿਤਾ ਭਾਗ ਬੜਾ ਮਿਆਰੀ ਅਤੇ ਵਿਚਾਰਧਾਰਕ ਹੈ। ਈਗਲੀ ਕਵਿਤਾ 'ਫੁੱਸਰ' ਇਤਨੇ ਹਿਰਦੇ-ਵੇਧਕ ਹੈ ਕਿ ਦਿਲ ਨੂੰ ਧੂਹ ਪਾਂਦੀ ਜਾਂਦੀ ਹੈ। - ਗ਼ੁਲਾਮੀ ਅਤੇ ਅਤਿਆਚਾਰ ਦੇ ਮਾਰੇ ਹੋਏ ਸਮਾਜ ਵਿਚ ਆਜ਼ਾਦੀ ਲਈ ਜੂਝਦੀ ਇਕ ਔਰਤ ਦੇ ਜਜ਼ਬਾਤਾਂ ਦੀ ਬੁਲੰਦੀ ਮਨੁੱਖ ਨੂੰ ਵਿਦਰੋਹ ਲਈ ਵੰਗਾਰਦੀ ਹੈ। 'ਬੀਤਿਆ ਵਕਤ' ਅਤੇ 'ਜਵਾਬ' ਦੀ ਆਪਣੀ ਥਾਂ ਸਿਧਾਂਤਕ ਪੱਖੋਂ ਬੜੀਆਂ ਨਰੋਈਆਂ ਰਚਨਾਵਾਂ ਹਨ। 'ਖ਼ੁਸ਼ੀ' ਕਹਾਣੀ ਪੜ੍ਹਕੇ ਤਾਂ ਮੈਨੂੰ ਜੈਨੇਂਦਰ ਕੁਮਾਰ ਦੇ ਤਿਆਗ ਪੱਤਰ ਨਾਵਲ ਦੀ ਨਾਇਕਾ ਦਾ ਚਰਿੱਤਰ ਮੇਰੇ ਜ਼ਿਹਨ ਅੱਗਿਉਂ ਗੁਜ਼ਰ ਗਿਆ। 'ਤਿਆਗ ਪੱਤਰ' ਵਿਚ ਅੰਕਿਤ ਇਹ ਸ਼ਬਦ ਬਿਲਕੁਲ ਇਸ ਕਹਾਣੀ ਤੇ ਢੁੱਕਦੇ ਹਨ। ਅੱਜ ਮੈਂ ਇਹ ਚੰਗੀ ਤਰ੍ਹਾਂ ਜਾਣਦਾ ਹਾਂ ਵਿਆਹ ਦੀ ਇਹ ਗੰਢ ਬੰਦਿਆਂ ਦੇ ਵਿਚ ਪਈ ਹੋਈ ਗੰਢ ਨਹੀਂ ਹੁੰਦੀ, ਇਹ ਸਮਾਜ ਦੇ ਵਿਚ ਵੀ ਪਈ ਹੋਈ ਗੰਢ ਹੁੰਦੀ ਹੈ। — ਚਾਹਣ ਨਾਲ ਕੀ ਇਹ ਟੁੱਟ ਸਕਦੀ ਹੈ? ਵਿਆਹ ਭਾਵਕਤਾ ਦਾ ਸਵਾਲ ਨਹੀਂ ਸਮਾਜੀ ਪ੍ਰਬੰਧ ਦਾ ਪ੍ਰਸ਼ਨ ਹੈ। ਇਹ ਪ੍ਰਸ਼ਨ ਕੀ ਇੰਞ ਹੀ ਟਾਲਿਆਂ ਟਲ ਸਕਦਾ ਹੈ। ਇਹ ਉਹ ਗੰਢ ਹੈ ਜੋ ਇਕ ਵਾਰ ਬੱਝ ਗਈ ਤਾਂ ਖੁਲ੍ਹ ਨਹੀਂ ਸਕਦੀ ਤੇ ਤੋੜਿਆਂ ਟੁੱਟ ਨਹੀਂ ਸਕਦੀ — ਪਰ ਟੁੱਟਣਾ ਕਦੇਂ ਕਿਸੇ ਦਾ ਕੁੱਝ ਸੁਆਰਦਾ ਹੈ।"

(ਬਾਕੀ ਸਫ਼ਾ 34).

# ਕਰੂੰਬਲਾਂ

—ਮਨਜੀਤ ਗਿੱਲ

ਹੰਝੂ ਕੇਰਦੀ ਨੂੰ ਉਸਨੂੰ ਸਾਰੀ ਰਾਤ ਉਪਰੋਂ ਬੀਤ ਚੁੱਕੀ ਸੀ। ਪਹੁ ਫਟਣ ਨਾਲ ਹੀ ਉਸਨੇ ਕਮਰੇ ਦੀ ਬਾਰੀ ਉਪਰੋਂ ਪਰਦਾ ਚੁੱਕਿਆ ਤਾਂ ਚੜ੍ਹਦੇ ਸੂਰਜ ਦੀ ਲਾਲੀ ਦੀਆਂ ਕਿਰਨਾਂ ਕਮਰੇ ਵਿਚ ਆਈਆਂ। ਉਸ ਨੂੰ ਇੰਜ ਜਾਪਿਆ ਜਿਵੇਂ ਇਹ ਕਿਰਨਾਂ ਉਸ ਦੀ ਹਨੇਰੀ ਜ਼ਿੰਦਗੀ ਵਿਚ ਆਸ ਦੀਆਂ ਲੀਕਾਂ ਸਨ ਜਿਨ੍ਹਾਂ ਨੇ ਕਦੀ ਬੁਝਣਾ ਨਹੀਂ ਸੀ ਸਗੋਂ ਉਸ ਨੂੰ ਸਾਥ ਦੇਣਾ ਸੀ।

ਕਮਰੇ ਤੋਂ ਬਾਹਰ ਘਾਹ ਵਾਲੇ ਪਾਸੇ ਦਰੱਖਤਾਂ ਦੇ ਇਕ ਝੁੰਡ ਵਿਚੋਂ ਕੁੱਝ ਪੰਛੀ ਉੱਡਕੇ ਆ ਗਏ ਸਨ। ਇਨ੍ਹਾਂ ਪੰਛੀਆਂ ਵਿਚ ਇਕ ਘੁੱਗੀ ਆਪਣੇ ਦੋ ਛੋਟੇ ਬੋਟਾਂ ਨੂੰ ਚੋਗਾ ਦੇ ਰਹੀ ਸੀ ਤੇ ਨਾਲ ਹੀ ਉਡਣਾ ਸਿਖਾ ਰਹੀ ਸੀ ਤਾਂ ਜੋ ਉਹ ਕਿਸੇ ਦਿਨ ਆਪਣੇ ਪਰਾਂ ਉਪਰ ਆਪ ਉਡ ਸਕਣ ਤੇ ਨੀਲੇ ਅੰਬਰ ਵਿਚ ਅਜ਼ਾਦ ਉਡਾਰੀਆਂ ਮਾਰ ਸਕਣ।

ਉਹ ਸੋਚਦੀ ਰਹੀ ਕਿ ਇਸੇ ਤਰ੍ਹਾਂ ਹੀ ਉਸ ਦੀ ਮਾਂ ਨੇ ਉਸ ਨੂੰ ਚੋਗਾ ਪਾ ਕੇ ਜਵਾਨ ਕੀਤਾ ਸੀ ਤੇ ਫਿਰ ਉਸ ਦੇ ਆਪਣੇ ਪਰਾਂ ਉਪਰ ਉਡਣਾ ਸਿਖਾਇਆ ਸੀ। ਇਨ੍ਹਾਂ ਪਰਾਂ ਉਪਰ ਉਹ ਉਡਦੀ ਵੀ ਰਹੀ ਸੀ। ਲੇਕਿਨ ਮਾਂ ਪਿਉ ਦਾ ਪਿਆਰ ਤੇ ਛਾਇਆ ਉਸਦੀਆਂ ਉਡਾਰੀਆਂ ਨੂੰ ਉਚਾ ਹੀ ਬਣਾਈ ਜਾ ਰਹੀ ਸੀ। ਉਹ ਕਾਲਜ ਵਿਚ ਬੜੀ ਹੀ ਹੋਣਹਾਰ ਸੀ ਤੇ ਰੱਜ ਕੇ ਸੁਹਣੀ ਵੀ। ਹਰ ਇਕ ਕੰਮ ਵਿਚ ਉਹ ਵੱਧ ਚੜ੍ਹਕੇ ਹਿੱਸਾ ਲੈਂਦੀ ਸੀ। ਸਾਰਾ ਸਟਾਫ ਉਸ ਨੂੰ ਬੜਾ ਹੀ ਚਾਹੁੰਦਾ ਸੀ। ਉਹ ਹਰ ਇਕ ਦੀ ਇੱਜ਼ਤ ਕਰਦੀ ਸੀ। ਨਫ਼ਰਤ ਤੇ ਜਲਨ ਜਿਵੇਂ ਉਸ ਦੇ ਨੇੜੇ ਵੀ ਨਹੀਂ ਸਨ ਲੰਘੇ ਉਹ ਸਭ ਖੂਬੀਆਂ ਦੀ ਦੌਲਤ ਸੀ।

ਐਮ. ਏ. ਕਰਨ ਤੋਂ ਬਾਅਦ ਕੰਵਰ ਦੇ ਸੁਪਨੇ ਸਨ ਕਿ ਉਹ ਪਹਿਲਾਂ ਦੋ ਚਾਰ ਸਾਲ ਜ਼ਰੂਰ ਹੀ ਨੌਕਰੀ ਕਰੇਗੀ ਅਤੇ ਇਕ ਵਾਰ ਆਪਣੇ ਪੈਰਾਂ ਉਪਰ ਖੜੀ ਹੋ ਕੇ ਵੇਖੇਗੀ। ਉਹ ਮਾਂ ਪਿਉ ਉਪਰ ਭਾਰ ਨਹੀਂ ਸੀ ਬਣਨਾ ਚਾਹੁੰਦੀ। ਉਸ ਨੂੰ ਆਪਣਾ ਸੁਪਨਿਆਂ ਭਰਿਆ ਭਵਿਖ ਉਜਲਾ ਹੀ ਲਗਦਾ ਸੀ। ਹਜ਼ਾਰਾਂ ਹੀ ਸੁਪਨੇ ਉਸ ਦੀਆਂ ਅੱਖਾਂ ਵਿਚ ਸਨ ਕਿ ਉਹ ਕਿਵੇਂ ਆਪਣੇ ਮਾਂ ਪਿਉ ਦਾ ਨਾਮ ਉਚਾ ਕਰੇਗੀ। ਅਤੇ ਕਿਵੇਂ ਜ਼ਿੰਦਗੀ ਦੇ ਇਨ੍ਹਾਂ ਝੂਠੇ ਬੰਧਨਾਂ ਤੇ ਰਿਵਾਜਾਂ ਨੂੰ ਤੋੜ ਦੇਵੇਗੀ। ਸ਼ਾਇਦ ਮਾਂ ਪਿਉ ਦੇ ਘਰ ਦੀ ਅਜ਼ਾਦ ਹਵਾ ਤੇ ਪਿਆਰ ਤੋਂ ਉਸਨੇ ਇਹੋ ਹੀ ਅਨੁਮਾਨ ਲਾ ਲਿਆ ਸੀ। ਕਿ ਉਹ ਸਾਰੀ ਜ਼ਿੰਦਗੀ ਇੰਝ ਹੀ ਰਹੇਗੀ ਤੇ ਬਾਕੀ ਇਸਤ੍ਰੀਜਾਤੀ ਵਾਸਤੇ ਲੜੇਗੀ। ਘਰ ਵਿਚ ਉਹ ਆਗਿਆਕਾਰ ਤੇ ਹੋਣਹਾਰ ਬੱਚੀ ਸੀ ਤੇ ਜ਼ਿੰਦਗੀ ਦੇ ਹਰ ਮੋੜ ਨੂੰ ਬੜੀ ਸੂਝ ਨਾਲ ਵੇਖਦੀ ਸੀ। ਤੇ ਫਿਰ ਇਕ ਦਿਨ ਇਸ ਹਸਦੀ ਖੇਡਦੀ ਬਹਾਰ ਤੇ ਇਕ ਪਤ-ਝੜ ਦਾ ਦਿਨ ਆਇਆ। ਜਿਸ ਦਿਨ ਕੰਵਰ ਦੇ ਸੁਪਨਿਆਂ ਦੀਆਂ ਕਰੂੰਬਲਾਂ ਕੁਮਲਾ ਗਈਆਂ। ਕਾਲਜ ਦੇ ਫੰਕਸ਼ਨ ਵਿਚ ਉਹ ਇਕ ਹਫ਼ਤੇ ਵਾਸਤੇ ਬੁਲਾਈ ਗਈ ਸੀ। ਬਾਹਰਲੇ ਕਾਲਜ ਤੋਂ ਕੋਈ ਹਾਕੀ ਦੀ ਟੀਮ ਖੇਡਣ ਵਾਸਤੇ ਆਈ ਸੀ ਤੇ ਕੋਚ ਨੇ ਉਸਨੂੰ ਸੱਦ ਭੇਜਿਆ ਕਿ ਉਹ ਜ਼ਰੂਰ ਆਵੇ। ਸਾਰੀਆਂ ਪਿਛਲੇ ਸਾਲ ਵਾਲੀਆਂ ਲੜਕੀਆਂ ਜੋ ਚੰਗੀਆਂ ਖਿਡਾਰਨ ਸਨ ਸਭ ਨੂੰ ਬੁਲਾਇਆ ਗਿਆ ਤੇ ਫਿਰ ਕੰਵਰ ਤਾਂ ਸਭ ਦੀ ਚਹੇਤੀ ਸੀ। ਇਕ ਹਫਤਾ ਇਕ ਦਿਨ ਵਾਂਗਰ ਹੀ ਬੀਤ ਗਿਆ ਕਿਉਂਕਿ ਜਦੋਂ ਹਾਣ ਇੱਕਠਾ ਹੋ ਜਾਵੇ ਤੇ ਉਪਰੋਂ ਜਵਾਨ ਵੀ ਹੋਵੇ ਤਾਂ ਜਵਾਨੀਆਂ ਦੇ ਵਲਵਲੇ ਹੋਰ ਵੀ ਮਚਲ ਉਠਦੇ ਹਨ।

ਹਫਤੇ ਤੋਂ ਬਾਅਦ ਜਦੋਂ ਉਹ ਘਰ ਆਈ ਤਾਂ ਦੂਸਰੀ ਸਵੇਰ ਹੀ ਉਸਨੇ ਵੇਖਿਆ ਕਿ ਘਰ ਵਿਚ ਹੋਰ ਹੀ ਚਹਿਲ ਪਹਿਲ ਸੀ। ਸਾਰਿਆਂ ਨੂੰ ਪਤਾ ਸੀ ਕਿ ਉਹ ਐਸੀ ਲੜਕੀ ਸੀ ਜੋ ਕਿ ਕਦੇ ਉਨ੍ਹਾਂ ਦੇ ਆਖੇ ਤੋਂ ਬਾਹਰ ਨਹੀਂ ਜਾਵੇਗੀ। ਉਨ੍ਹਾਂ ਦਿਨਾਂ ਵਿਚ ਹੀ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਨੇ ਹੀ ਘਰਦਿਆਂ ਨੂੰ ਦੱਸਿਆ ਕਿ ਸਾਡੇ ਰਿਸ਼ਤੇਦਾਰਾਂ ਦੇ ਘਰ ਇੰਗਲੈਂਡ ਤੋਂ ਇਕ ਮੁੰਡਾ ਆਇਆ ਹੈ, ਪੜ੍ਹਿਆ ਲਿਖਿਆ ਹੈ। ਉਧਰਲਾ ਹੀ ਜੰਮਪਲ ਹੈ ਉਧਰ ਕੰਮ ਸੋਹਣਾ ਹੈ ਤੁਸੀਂ ਕੁੜੀ ਦਾ ਰਿਸ਼ਤਾ ਕਰ ਦਿਉ। ਕੰਵਰ ਦੇ ਮਾਤਾ ਪਿਤਾ ਦੀ ਉਸ ਨੂੰ ਅੱਗੇ ਪੜ੍ਹਾਉਣ ਦੀ ਚਾਹਣਾ ਸੀ। ਅਜੇ ਸਾਰੀ ੧੯ ਸਾਲ ਦੀ ਉਮਰ ਸੀ ਉਸਦੀ। ਪਰ ਸਾਰੇ ਰਿਸ਼ਤੇਦਾਰਾਂ ਦੇ ਜ਼ੋਰ ਦੇਣ ਉਪਰ ਉਨ੍ਹਾਂ ਦੀ ਪੇਸ਼ ਨਾ ਗਈ। ਇਹ ਸੋਚ ਕੇ ਕਿ ਚੰਗੇ ਮੁੰਡੇ ਰੋਜ਼ ਰੋਜ਼ ਨਹੀਂ ਮਿਲਦੇ, ਆਖਰ ਕੁੜੀ

ਦਾ ਕੂੜਾ ਕੂੜੀ ਉਪਰ ਹੀ ਸੁੱਟਣਾ ਹੁੰਦਾ ਹੈ। ਕੈਦਰ ਦੇ ਮਾਪਿਆਂ ਨੇ ਰਿਸ਼ਤੇ ਲਈ ਹਾਂ ਕਰ ਦਿੱਤੀ। 37

ਉਸ ਤੋਂ ਅਗਲੇ ਦਿਨ ਹੀ ਕੈਦਰ ਨੂੰ ਉਸ ਮੁੰਡੇ ਨੂੰ ਵਿਖਾਇਆ ਗਿਆ। ਕੁੱਝ ਦਿਨਾਂ ਬਾਅਦ ਮੁੰਡੇ ਦੇ ਰਿਸ਼ਤੇਦਾਰਾਂ ਦਾ ਹਾਂ ਵਿਚ ਉਤਰ ਆ ਗਿਆ। ਕੈਦਰ ਚਾਹੁੰਦਿਆਂ ਹੋਇਆਂ ਵੀ ਕੁੱਝ ਨਾ ਬੋਲ ਸਕੀ। ਉਸ ਦਾ ਹੌਸਲਾ ਨਹੀਂ ਸੀ ਪੈ ਰਿਹਾ ਕਿ ਉਹ ਆਪਣੇ ਵੱਡਿਆਂ ਦੇ ਮਾਣ ਨੂੰ ਇਕ ਇਕ ਪਲ ਵਿਚ ਮੂੰਹ ਖੋਲ੍ਹ ਕੇ ਥੱਲੇ ਸੁੱਟ ਦੇਵੇ। ਗੱਲ ਬਾਤ ਪੱਕੀ ਹੋ ਚੁੱਕੀ ਸੀ। ਸਾਰੇ ਰਿਸ਼ਤੇਦਾਰ ਆਏ ਬੜੀ ਧੂਮ-ਧਾਮ ਨਾਲ ਕੈਦਰ ਦਾ ਮੰਗਣਾ ਕੀਤਾ ਗਿਆ, ਜੋ ਚੀਜ਼ ਕਦੀ ਕਿਸੇ ਹੋਰ ਨੇ ਆਪਣੀ ਲੜਕੀ ਨੂੰ ਨਹੀਂ ਸੀ ਦਿੱਤੀ ਉਸ ਦੇ ਮੰਗਣੇ ਵਿਚ ਦਿੱਤੀ ਗਈ। ਉਸ ਦਿਨ ਉਹ ਆਪਣੇ ਘਰ ਦੀਆਂ ਪੌੜੀਆਂ ਵਿਚ ਬੈਠ ਕੇ ਸਾਰਿਆਂ ਦੇ ਹੋਲੇ ਤੋਂ ਉਹਲੇ ਲੁਕ ਕੇ ਭੁੱਬੀਂ ਰੋਈ ਸੀ, ਪਤਾ ਨਹੀਂ ਕਿਉਂ? ਉਸ ਦਾ ਰੋਣ ਹੀ ਨਹੀਂ ਸੀ ਥੰਮਿਆ ਜਾਂਦਾ। ਉਹ ਸੋਚਦੀ ਸੀ ਕਿ ਕੁੜੀਆਂ ਨੇ ਆਖਰ ਇਕ ਦਿਨ ਤਾਂ ਆਪਣੇ ਘਰ ਜਾਣਾ ਹੀ ਹੁੰਦਾ ਹੈ। ਸ਼ਾਇਦ ਇਹ ਸਾਰਾ ਕੁੱਝ ਇਵੇਂ ਠੀਕ ਨਾ ਹੋਵੇ ਜਿਵੇਂ ਮੈਂ ਸੋਚ ਰਹੀ ਹਾਂ। ਸ਼ਾਇਦ ਮੇਰਾ ਹਾਣੀ ਹਮ-ਖਿਆਲ ਹੋਵੇਗਾ। ਫਿਰ ਮੇਰੀ ਜ਼ਿੰਦਗੀ ਕਿੰਨੀ ਸੁਹਣੀ ਹੋ ਜਾਵੇਗੀ। ਅਸੀਂ ਦੋਵੇਂ ਰਲ ਕੇ ਸ਼ਾਇਦ ਆਪਣੀ ਜ਼ਿੰਦਗੀ ਦੇ ਸੁਪਨੇ ਇਸ ਤੋਂ ਵੀ ਰੰਗਲੇ ਬਣਾ ਲਈਏ। ਮੈਂ ਇਕੱਲੀ ਕੀ ਪਤਾ ਕਿਹੜੇ ਵੇਲੇ ਵਿਚ ਸੋਚ ਜਾਂਦੀ। ਆਖਰ ਸਾਥੀ ਤਾਂ ਜ਼ਿੰਦਗੀ ਲਈ ਚਾਹੀਦਾ ਹੀ ਹੈ। ਇਹ ਸਭ ਕੁੱਝ ਸੋਚ ਕੇ ਉਸ ਨੇ ਆਪਣੀਆਂ ਅੱਖਾਂ ਪੂੰਝ ਲਈਆਂ ਤੇ ਉਸ ਦੇ ਚਿਹਰੇ ਉਪਰ ਇਕ ਖੁਸ਼ੀ ਤੇ ਸ਼ਰਮ ਦੀ ਲਾਲੀ ਫੈਲ ਗਈ।

ਆਪਣੇ ਰੰਗਲਿਆਂ ਸੁਪਨਿਆਂ ਨੂੰ ਅੱਖਾਂ ਵਿਚ ਲਈ ਤੇ ਆਪਣਾ ਸੁੰਦਰ ਭਵਿੱਖ ਸੋਚਦੀ ਕੈਦਰ ਨੂੰ ਕਿਸੇ ਨੇ ਆਣ ਜਗਾਇਆ। ਇਹ ਉਸ ਦਾ ਵੱਡਾ ਵੀਰ ਸੀ। ਉਹ ਨੇ ਕਿਹਾ, — ਕੈਦਰ ਉਠ ਦੇਖ ਬਾਹਰ ਕੌਣ ਆਇਆ ਹੈ ਤੇ ਜਦੋਂ ਉਸ ਨੇ ਬਾਹਰ ਤੱਕਿਆ ਤਾਂ ਇਹ ਉਸ ਦਾ ਹੋਣ ਵਾਲਾ ਪਤੀ ਤੇ ਉਸ ਦੇ ਮਾਤਾ ਜੀ ਸਨ। ਜੋ ਉਸ ਨੂੰ ਸ਼ਗਨ ਪਾਣ ਆਏ ਸਨ। ਸਾਰੇ ਰਸਮ ਰਿਵਾਜ ਹੋਏ ਦੋਵਾਂ ਦੀਆਂ ਤਸਵੀਰਾਂ ਲਈਆਂ ਗਈਆਂ। ਪਰ ਸ਼ਰਮਾਉਂਦੀ ਕੈਦਰ ਨੇ ਨਾ ਉਸ ਨੂੰ ਬੁਲਾਇਆ ਤੇ ਨਾ ਹੀ ਉਸ ਵੱਲ ਅੱਖ ਭਰ ਕੇ ਤੱਕਿਆ। ਪਰ ਫਿਰ ਵੀ ਉਸ ਨੂੰ ਉਹ ਇਕ ਚੰਗਾ ਇਨਸਾਨ ਜਾਪਿਆ। ਉਸ ਨੂੰ ਇੰਜ ਲੱਗਿਆ ਜਿਵੇਂ ਉਸ ਦੇ ਸੁਪਨਿਆਂ ਦੀਆਂ ਕਰੂੰਬਲਾਂ ਫਿਰ ਹਰੀਆਂ ਹੋ ਰਹੀਆਂ ਸਨ।

ਫਿਰ ਉਸ ਤੋਂ ਦੂਸਰੇ ਦਿਨ ਹੀ ਉਸ ਦਾ ਹੋਣ ਵਾਲਾ ਪਤੀ ਵਾਪਸ ਇੰਗਲੈਂਡ ਚਲਾ ਗਿਆ ਤੇ ਕੈਦਰ ਨੇ ਵੀ ਮਹੀਨੇ ਦੇ ਅੰਦਰ ਅੰਦਰ ਚਲੀ ਜਾਣਾ ਸੀ। ਮਹੀਨੇ ਦਾ ਸਮਾਂ ਇੰਨੀ ਜਲਦੀ ਬੀਤ ਗਿਆ ਕਿ ਪਤਾ ਹੀ ਨਾ ਲੱਗਾ ਕਿ ਕਦੋਂ ਉਸ ਦੇ ਜਾਣ ਦੀ ਤਾਰੀਖ ਆ ਗਈ। ਸਾਰੇ ਰਿਸ਼ਤੇਦਾਰ ਤੇ ਉਸਦੀਆਂ ਸਹੇਲੀਆਂ ਮਿਲਣ ਆਈਆਂ। ਪਿੰਡ ਦੀਆਂ ਸਾਰੀਆਂ ਜਨਾਨੀਆਂ ਦੇ ਉਹ ਗੱਲ ਲਗ ਲੱਗ ਕੇ ਰੋ ਰਹੀ ਸੀ। ਉਸ ਨੂੰ ਇੰਜ ਜਾਪਦਾ ਸੀ ਜਿਵੇਂ ਕੋਈ ਜ਼ੋਰੀਂ ਉਸ ਨੂੰ ਇਸ ਸਾਰੇ ਪਿਆਰ ਤੋਂ ਖਿਚੀ ਤੋਰਿਆ ਜਾ ਰਿਹਾ ਹੈ। ਉਸ ਨੂੰ ਜਾਪਦਾ ਸੀ ਸਾਰਿਆਂ ਨਾਲੋਂ ਵਿਛੜ ਕੇ ਉਹ ਸਾਹ ਘੁੱਟ ਕੇ ਮਰ ਜਾਵੇਗੀ। ਰੋਂਦੀ ਕੁਰਲਾਂਦੀ ਕੈਦਰ ਘਰੋਂ ਨਿਕਲੀ ਘਰ ਦੀਆਂ ਦਹਿਲੀਜ਼ਾਂ ਉਪਰ ਖੜ ਕੇ ਉਸ ਨੇ ਸਾਰੇ ਵਿਹੜੇ ਵੱਲ ਤੇ ਪਿੰਡ ਵੱਲ ਹਸਰਤ ਭਰੀ ਨਜ਼ਰ ਮਾਰੀ ਜਿਵੇਂ ਉਹ ਵਾਸਤਾ ਪਾ ਰਹੀ ਹੋਵੇ ਕਿ ਮੈਨੂੰ ਕੋਈ ਫੜ ਕੇ ਰੱਖ ਲਵੇ ਕਿ ਅੱਜ ਨਾ ਜਾ, ਸਾਨੂੰ ਤੇਰੀ ਲੋੜ ਹੈ।

ਦੂਸਰੇ ਦਿਨ ਉਹ ਦਿੱਲੀ ਦੇ ਏਅਰ ਪੋਰਟ ਉਪਰ ਆਪਣੇ ਪਰਿਵਾਰ ਸਮੇਤ ਖੜੀ ਸੀ। ਉਸੇ ਹੀ ਉਦਾਸ ਤੇ ਹੰਝੂਆਂ ਭਰੇ ਚਿਹਰੇ ਨਾਲ ਉਹ ਸਾਰਿਆਂ ਨੂੰ ਘੁੱਟ ਘੁੱਟ ਕੇ ਮਿਲੀ ਤੇ ਫਿਰ ਗੇਟ ਵੜਨ ਲੱਗਿਆ ਉਸ ਨੂੰ ਇੰਜ ਜਾਪਿਆ ਜਿਵੇਂ ਉਸ ਦਾ ਦਿਲ ਪਿਛੇ ਰਹਿ ਗਿਆ ਹੈ, ਤੇ ਉਸ ਦਾ ਬੁੱਤ ਤੁਰਿਆ ਜਾ ਰਿਹਾ ਹੈ।

ਇਕ ਰਾਤ ਰਾਹ ਵਿਚ ਠਹਿਰ ਕੇ ਅਗਲੇ ਦਿਨ ਉਹ ਆਪਣੇ ਸਹੁਰੇ ਘਰ ਇੰਗਲੈਂਡ ਵਿਚ ਸੀ। ਪਰ ਅਜੇ ਵੀ ਉਸ ਦਾ ਰੋਣਾ ਨਹੀਂ ਸੀ ਥੰਮਦਾ। ਕਈ ਵਾਰ ਉਹ ਰਸੋਈ ਵਿਚ ਲੁਕ ਕੇ ਰੋਈ ਸੀ। ਫਿਰ ਵੀ ਉਹ ਪਰਿਵਾਰ ਵਿਚ ਰਲ ਕੇ ਬੈਠਣ ਦੀ ਕੋਸ਼ਿਸ਼ ਕਰਦੀ ਕਿ ਇਹੀ ਤਾਂ ਉਸ ਦਾ ਆਪਣਾ ਘਰ ਹੈ। ਉਹ ਖੁਸ਼ ਹੋਣ ਦੀ ਕੋਸ਼ਿਸ਼ ਕਰਦੀ ਤੇ ਇੰਜ ਹੀ ਉਸ ਨੂੰ ਰਹਿੰਦਿਆਂ ਮਹੀਨਾ ਕੁ ਬੀਤ ਗਿਆ। ਕਈ ਕਈ ਉਹ ਆਪਣੇ ਹੋਣ ਵਾਲੇ ਪਤੀ ਨੂੰ ਘਰ ਵਿਚ ਆਉਂਦਿਆਂ ਜਾਂਦਿਆਂ ਵੇਖਦੀ ਲੇਕਿਨ ਉਸ ਨੇ ਉਸ ਨੂੰ

ਘਬਰਾਇਆ ਤਕ ਵੀ ਨਹੀਂ। ਉਹ ਸੋਚਦੀ ਉਹ ਵੀ ਮੇਰੇ ਵਾਂਗ ਸ਼ਰਮਾ ਰਿਹਾ ਹੋਵੇਗਾ। ਕਿਸੇ ਨੇ ਵਿਆਹ ਦੀ ਗੱਲ ਨਹੀਂ ਕੀਤੀ ਉਸ ਨੂੰ ਕੁੱਝ ਪਤਾ ਨਹੀਂ ਸੀ ਕਿ ਏਧਰ ਲੋਕ ਕੀ ਕਰਦੇ ਹਨ। ਉਸ ਦਾ ਆਪਣਾ ਦੇਸ਼ ਐਸੇ ਤੈਸੇ ਨਹੀਂ ਸੀ। ਇਕ ਅਜਨਬੀ ਦੇਸ਼ ਸੀ ਤੇ ਅਜਨਬੀ ਲੋਕ ਤੇ ਓਪਰਾ ਜਿਹਾ ਵਰਤਾਵਾ। ਉਹ ਸੋਚਦੀ ਕਿ ਹੌਲੀ ਹੌਲੀ ਉਸਦਾ ਜੀਵਨ ਇਵੇਂ ਹੀ ਪੂਰਨ ਮਿਲ ਜਾਵੇਗਾ ਫਿਰ ਉਹ ਇੰਨੀ ਘੁਟੀ ਘੁਟੀ ਜਿਹੀ ਮਹਿਸੂਸ ਨਹੀਂ ਕਰੇਗੀ।

ਤੇ ਫਿਰ ਇਕ ਦਿਨ ਰਾਤੀਂ ਸੌਣ ਲੱਗਿਆਂ ਕੰਵਰ ਨੇ ਰਸੋਈ ਦੇ ਵਿਚ ਉਚੀ ਉਚੀ ਰੋਲਾ ਪੈਂਦਾ ਸੁਣਿਆ। ਉਹ ਤ੍ਰਭਕੀ ਹੋ ਗਈ ਤੇ ਡਰ ਵੀ ਗਈ ਇਹ ਉਸ ਦੇ ਹੋਣ ਵਾਲੇ ਪਤੀ ਤੇ ਉਸ ਦੇ ਮਾਂ-ਬਾਪ ਝਗੜ ਰਹੇ ਸਨ ਕਿ ਉਹ ਬਿਗਾਨੀ ਆਈ ਧੀ ਨੂੰ ਕੀ ਕਰਨ। ਤਾਂ ਉਸ ਨੂੰ ਅੱਗੋਂ ਇਹ ਜਵਾਬ ਸੁਣਿਆ "ਮੈਂ ਇਸ ਲੜਕੀ ਨਾਲ ਸ਼ਾਦੀ ਨਹੀਂ ਕਰ ਸਕਦਾ" ਭਾਵੇਂ ਤੁਸੀਂ ਕੁੱਝ ਕਰ ਲਵੋ, ਇਹ ਤੁਹਾਡੀ ਮਰਜ਼ੀ ਤੇ ਪਸੰਦ ਸੀ ਮੇਰੀ ਨਹੀਂ। ਕੰਵਰ ਨੂੰ ਪੈਰਾਂ ਥੱਲਿਉਂ ਜ਼ਮੀਨ ਖਿਸਕਦੀ ਜਾਪੀ। ਸਾਰੀ ਰਾਤ ਉਹ ਰੋ ਰੋ ਕੇ ਬੇਹਾਲ ਹੋ ਗਈ ਸੀ। ਆਪਣੇ ਮਾਂ-ਪਿਉ ਨੂੰ ਅਵਾਜ਼ਾਂ ਮਾਰਦੀ ਦਾ ਸੰਘ ਬਹਿ ਗਿਆ ਸੀ ਲੇਕਿਨ ਸਮੁੰਦਰਾਂ ਦੇ ਪਾਰ ਤਾਂ ਚੀਕ ਮਾਰੀ ਵੀ ਨਹੀਂ ਸੀ ਪੁੱਜਦੀ। ਉਸ ਦੀਆਂ ਸਿਸਕੀਆਂ ਘੁੱਟ ਕੇ ਰਹਿ ਗਈਆਂ। ਹੰਝੂ ਪਾਣੀ ਵਾਂਗ ਸ਼ਾਂਤ ਵਗਦੇ ਰਹੇ। ਕੰਵਰ ਨੂੰ ਜਾਪਿਆ ਅੱਜ ਸੱਚੀਂ ਮੁਚੀਂ ਉਹ ਕਰੂੰਬਲਾਂ ਟੁੱਟ ਗਈਆਂ ਹਨ ਜਿਨ੍ਹਾਂ ਨੂੰ ਉਹ ਪਤਝੜ ਤੋਂ ਬਚਾਂਦੀ ਆਈ ਸੀ।

---


**RUPINDER S. AZAD M.A.**

**Now, an independant general agent for:**

**SEABOARD LIFE INSURANCE COMPANY**

**202 - 4640 No. 3 rd. Richmond, B.C. Office 273-2961**

**& Broker for several reputable Ins. Cos.**

**offering you a variety of insurance services:** *Life, Mortgage, Acc. & Sickness, Group (with 3 Employees or more) including: INCOME TAX SHELTERING ANNUITIES - To save Capital Gain Taxes. Registered or non-Reg'd R.R.S.P.s*



RUPINDER AZAD M.A.

***Phone:*** *For FREE consultation & competitive rates on any plan, contact:*

*HOME: 325-0774*

*OFFICE - 324-2844*

*AZAD INSURANCE AGENCIES*

*6612 - Main Street, Vancouver, B.C. V5X 3H2*


---


# ਫਾਰਮਾਂ ਵਿਚ ਕੰਮ ਕਰਨ ਵਾਲੇ ਕਾਮਿਆ ਦੀ ਲੋੜ

* ਚੰਗੀ ਤਨਖਾਹ ਅਤੇ ਸੁਥਰਾ ਕੰਮ
* ਤਨਖਾਹ ਹਰ ਦੋ ਹਫਤੇਆ ਬਾਦ ਮਿਲੇਗੀ।
* ਰੂਹ ਬਾਰਬ ਦਾ ਕੰਮ ਸ਼ੁਰੂ ਹੈ।

**ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਮਿਲੋ ਜਾਂ ਫੋਨ ਕਰੋ।**



SUCHA GANDHAM

1243 S.E. MARINE DR.
VANCOUVER, B.C. V5X 2W2

*Gandham Contracts Ltd.*

FARM LABOUR SUPPLIERS

SITAL GANDHAM (Pres.)
SUCHA GANDHAM (Sect.)

BUS.: 325-4036
RES.: 325-5474



SITAL GANDHAM

# LOYAL FURNITURE LTD.

## Offers Best Prices in Town

**On All Kinds of Household Furniture, Appliances & Carpets**

- **WE SELL:**
  Retail at Wholesale Prices
- **WE GUARANTEE:**
  Substantial Savings
  Satisfaction
  Friendly Service
- **WE STAND FOR:**
  Quality
  Excellence
  Best Prices

*Serving the Community Since 1974*

## SATISFACTION GUARANTEED

**LOYAL FURNITURE LTD.**
2707 Main (at 11th)

VISA

Ph. 879-8319


OPEN 7 DAYS A WEEK

# ਫਰੰਟੀਅਰ ਕਲਾਥ ਹਾਊਸ

***Imported Printed; Plain & Embroidered Sarees***

**SPECIALISTS IN:**

- **INDIAN** SILK SUITS WITH CHUNI
- **SAREES, LEHNGAS**
- **CAPES, HARS** KALEERA'S
- **AND OTHER INDIAN GOODS**
- **JAPANESE** YARD MATERIAL
- **PLAIN SAREES**
- **SUITS**
- **DRAPES**
- QUILTS ਰਜਾਈਆਂ




**Now At New Location**

We are reopening our old store and the opening date will be announced soon!

## WE ARE BRINGING IN SOME EXCITING ADDITIONS IN OUR STORE AT 6672 MAIN STREET

- **Drapes Material**
- **Jewellery**
- **Indian Chappals,**
- **Bedspreads**
- **Sarees**
- **Suits Material**

**SUSHIL KUMAR**

**PH: 325-3515**
**325-4424**

# FRONTIER CLOTH HOUSE LTD.

**6695 MAIN STREET VANCOUVER, B.C.**

WATNO DUR (Far from the Motherland) is a literary and cultural monthly of PANJABI language — the mother-tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2